# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ

ਦਾ

# ਵਿਸ਼ਲੇਸ਼ਨਾਤਮਿਕ ਅਧਿਐਨ

(ANALYTICAL STUDY OF GURU TEG BAHADUR'S BANI)

ਡਾ. ਮਹਿੰਦਰ ਸਿੰਘ

ਧਰਮ ਪ੍ਰਚਾਰ ਕਮੇਟੀ

(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)

ਸ੍ਰੀ ਅੰਮ੍ਰਿਤਸਰ।

ਭੇਟਾ ਰਹਿਤ

# ਦੋ ਸ਼ਬਦ

ਗੁਰੂ ਤੇਗ ਬਹਾਦਰ ਜੀ ਵਿਸ਼ਵ ਰੰਗ-ਮੰਚ ਉੱਤੇ ੧੧ ਸਾਲ "ਗੁਰੂ-ਜੋਤੀ" ਦੇ ਰੂਪ ਵਿੱਚ ਨੂਰਾਨੀ ਚਮਕ-ਦਮਕ ਵੰਡਦੇ ਰਹੇ। ਇਸ ਨੂਰ ਦਾ ਸਾਖਿਆਤ ਸਰੂਪ 'ਸ਼ਬਦ' ਹੈ। 'ਸ਼ਬਦ' ਅਤੁੱਟ ਹੈ, ਅਤੁੱਲ ਹੈ ਤੇ ਅਮੁੱਲ ਹੈ। ਜਿੰਨੀ ਦੇਰ ਤਕ ਪੰਚ-ਤੱਤਾਂ ਦਾ ਇਹ ਭੌਤਿਕ ਸੰਸਾਰ ਵਜੂਦ ਵਿੱਚ ਰਹੇਗਾ, 'ਸ਼ਬਦ' ਦੀ ਟੁੰਣਕਾਰ ਧੜਕਦੀ ਰਹੇਗੀ ਤੇ ਜਗਤ ਨੂੰ ਸੁਹਾਵਣਾ ਬਣਾਈ ਰੱਖੇਗੀ। 'ਸ਼ਬਦ' ਭੌਤਿਕ ਸੰਸਾਰ ਤੋਂ ਪਹਿਲਾਂ ਸੀ, ਹੁਣ ਵੀ ਹੈ ਅਤੇ ਸਦਾ ਹੀ ਰਹੇਗਾ। ਇਸੇ ਲਈ ਗੁਰੂ ਨਾਨਕ ਸਾਹਿਬ ਦੇ ਘਰ ਵਿਚ ਭੌਤਿਕ ਸਰੀਰ ਨੂੰ ਨਹੀਂ ਸਗੋਂ 'ਸ਼ਬਦ' ਨੂੰ ਗੁਰੂ ਕਿਹਾ ਹੈ ਅਤੇ ਨਾਲ ਹੀ ਜੁਗੋ ਜੁਗ ਅਟੱਲ ਵੀ ਕਿਹਾ ਗਿਆ ਹੈ।

੨. ਗੁਰੂ ਤੇਗ ਬਹਾਦਰ ਜੀ ਦਾ ਅਮਰ ਸਰੂਪ ਉਨ੍ਹਾਂ ਦੇ ੧੧੬ ਸ਼ਬਦਾਂ, ਸਲੋਕਾਂ ਵਿੱਚ ਵਿਦਮਾਨ ਹੈ। ਇਨ੍ਹਾਂ ਨੂੰ ਜੋ-ਜੋ ਪੜ੍ਹੇਗਾ, ਸੁਣੇਗਾ, ਸੁਣਾਏਗਾ, ਗਾਏਗਾ ਤੇ ਦੁਹਰਾਏਗਾ ਉਹ ਉਹ ਗੁਰੂ ਦੀ ਨੇੜਤਾ ਦਾ ਅਧਿਕਾਰੀ ਬਣਦਾ ਜਾਏਗਾ। ਇਹ ਕਿਰਿਆਤਮਕ ਸੱਚ ਹੈ ਕਿ ਜੇਹੋ ਜਿਹੇ ਨੂੰ ਆਰਾਧੇਗੇ ਉਹੋ ਜਿਹੇ ਬਣਦੇ ਜਾਵਾਂਗੇ। ਗੁਰੂ ਜੀ "ਸੰਤਿ, ਸੁਹਾਣ ਤੇ ਸਦਾ ਮਨਿ ਚਾਉ" ਦੀ ਮੂਰਤ ਸਨ। ਜਿਨ੍ਹਾਂ ਦੀ ਕਲਪਨਾ ਇਹੋ ਜਿਹਾ ਬਣਨ ਦੀ ਹੈ, ਉਨ੍ਹਾਂ ਲਈ ਬਾਣੀ ਨੂੰ ਗਾਉਣ, ਸੁਣਨ ਤੇ ਮੰਨਣ ਦਾ ਇਕੋ ਇਕ ਗਾਡੀ-ਰਾਹ ਹੈ। ਬਾਣੀ ਦਾ ਉਦੇਸ਼ ਤੇ ਸਰੂਪ ਗੁਰ ਕੀ ਮੂਰਤ ਹੈ। ਇਹ ਤੱਥ 'ਜੋ ਹੱਥ ਰੰਗਾ ਤੇ ਸਿਰੋ ਉਤੇ ਰੱਖਾ' ਦੇ ਪੰਜਾਬੀ ਅਖਾਣ ਨਾਲ ਢੁਕਵਾਂ ਬਿਆਨ ਕੀਤਾ ਜਾ ਸਕਦਾ ਹੈ।

੩. ਇਸ ਸਾਲ ਬਹੁਤ ਸਾਰੇ ਲੇਖਕਾਂ, ਕਲਾਕਾਰਾਂ ਤੇ ਸੰਗੀਤਕਾਰਾਂ ਨੇ ਗੁਰੂ ਤੇਗ ਬਹਾਦਰ ਜੀ ਦੀ ਅਰਾਧਨਾ ਕੀਤੀ ਹੈ। ਸਭ ਦੀ ਘਾਲ ਥਾਇੰ ਪਵੇ ਕਿਉਂਕਿ ਉਹਨਾਂ 'ਅਨੰਦ' ਨੂੰ ਚਿਤਾਰਿਆ ਹੈ। ਇਸ 'ਅਨੰਦ' ਦਾ ਹਰ ਕਣ 'ਅਨੰਦ' ਹੈ। ਜੋ ਸੱਜਣ ਕਿਸੇ ਅੰਸ਼ ਨੂੰ ਛੂਹ ਲਏਗਾ, ਉਸੇ ਤੋਂ ਅਨੰਦ ਪ੍ਰਾਪਤ ਕਰੇਗਾ ਕਿਉਂਕਿ 'ਅਨੰਦ' ਗੁਰੂ ਤੋਂ ਗੁਰੂ ਦੀ ਛੁਹ ਤੋਂ ਤੇ ਗੁਰੂ ਦੀ ਨੇੜਤਾ ਤੋਂ ਮਿਲਦਾ ਹੈ ਅਤੇ ਸਾਧਨ ਗੁਰੂ ਦੀ ਬਖਸ਼ਿਸ਼ ਹੈ। ਡਾਕਟਰ ਮਹਿੰਦਰ ਸਿੰਘ ਜੀ ਨੇ ਪਹਿਲਾਂ 'ਗੁਰੂ ਤੇਗ ਬਹਾਦਰ ਜੀ ਦੇ ਬਚਨ' ਲਿਖੇ ਅਤੇ ਹੁਣ ਉਨ੍ਹਾਂ ਬਚਨਾਂ ਦਾ ਸੁਆਦ ਜਿਵੇਂ ਮਾਣਿਆ ਹੈ, ਉਸ ਦਾ ਵਰਣਨ ਕੀਤਾ ਹੈ। ਗੁਰੂ ਬਚਨਾਂ ਦਾ ਸੁਆਦ ਬਿਆਨ ਕਰਨ ਨਾਲ ਹੋਰ ਵਧਦਾ ਹੈ-ਲੇਖਕ ਦਾ ਵੀ ਤੇ ਪਾਠਕਾਂ ਦਾ ਵੀ। ਇਸ ਲਈ ਪਾਠਕਾਂ ਨੂੰ ਪੜ੍ਹਨ ਦੀ ਪ੍ਰਾਰਥਨਾ ਕਰਦਾ ਹਾਂ।

**ਲਾਲ ਸਿੰਘ ਚੇਅਰਮੈਨ**

ਪੰਜਾਬ ਪਬਲਿਕ ਸਰਵਿਸ ਕਮਿਸ਼ਨ, ਪਟਿਆਲਾ।

# ਭੂਮਿਕਾ

ਇਹ ਵਰ੍ਹਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬੇਮਿਸਾਲ ਸ਼ਹਾਦਤ ਦੀ ਤੀਜੀ ਸ਼ਤਾਬਦੀ ਦਾ ਵਰ੍ਹਾ ਹੈ। ਗੁਰੂ ਸਾਹਿਬ ਦੀ ਜਸ-ਕੀਰਤੀ ਲਈ ਚੋਟੀ ਦੇ ਵਿਦਵਾਨ ਅਤੇ ਖੋਜੀ ਇਤਿਹਾਸਕਾਰ ਆਪਣੀਆਂ ਵਡਮੁੱਲੀਆਂ ਰਚਨਾਵਾਂ ਪ੍ਰਕਾਸ਼ਨ ਲਈ ਪੈਦਾ ਕਰ ਰਹੇ ਹਨ। ਗੁਰੂ ਸਾਹਿਬ ਦੇ ਜੀਵਨ-ਦਰਸ਼ਨ, ਸ਼ਹਾਦਤ ਅਤੇ ਬਾਣੀ ਨਾਲ ਸੰਬੰਧਿਤ ਉਹਨਾਂ ਦੀਆਂ ਕਲਮੀ ਸੇਵਾਵਾਂ ਮਾਨਵ ਸਮਾਜ ਅਤੇ ਸਾਹਿਤਕ ਖੇਤਰ ਵਿੱਚ ਇਕ ਵਿਦਵਤਾ ਅਤੇ ਗਿਆਨ ਭਰਪੂਰ ਸਾਹਿਤ ਦੀ ਦੇਣ ਸਮਝੀ ਜਾਵੇਗੀ, ਜਿਸ ਤੋਂ ਬਹੁਤ ਲੋਕ, ਲਾਭ ਪ੍ਰਾਪਤ ਕਰਦੇ ਰਹਿਣਗੇ।

ਇਸ ਸਭ ਕੁਝ ਨੂੰ ਹੁੰਦਾ ਵੇਖ ਕੇ "ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ" ਇਸ ਨਿਮਾਣੀ ਕਲਮ ਨੂੰ ਰੀਸ ਤੇ ਚਾਉ ਉਪਜਿਆ ਕਿ ਗੁਰੂ ਸਾਹਿਬ ਨੂੰ ਆਪਣੇ ਹਿਰਦੇ ਦੀ ਸ਼ਰਧਾ ਤੇ ਸ਼ਰਧਾਂਜਲੀ ਭੇਟ ਕਰੇ। ਇਹ ਛੋਟੇ ਆਕਾਰ ਦਾ ਪੈਂਫਲਟ ਕੇਵਲ ਪਾਠਕ ਜਨਾਂ ਨਾਲ ਵਿਚਾਰ ਸਾਂਝੇ ਕਰਨ ਦਾ ਹੀ ਮੰਤਵ ਹੈ। ਰਹੀਆਂ ਊਣਤਾਈਆਂ ਜਾਂ ਚੰਗੇਰੇ ਸੁਝਾਉ ਦੀ ਜਾਣਕਾਰੀ ਦਾ ਸਵਾਗਤ ਕੀਤਾ ਜਾਵੇਗਾ ਅਤੇ ਕ੍ਰਿਤੱਗ ਹੋਵਾਂਗਾ। ਗੁਰੂ ਸਾਹਿਬ ਦੀ ਅਮਰ ਬਾਣੀ "ਕੁੱਜੇ ਵਿਚ ਦਰਿਆ" ਵਾਂਗ ਬੇ-ਅੰਤ ਜੀਵਨ ਸੇਧਾਂ ਤੇ ਸਿਧਾਂਤ ਸਮਾਈ ਬੈਠੀ ਹੈ। ਜਿਤਨਾ ਵੀ ਵਿਚਾਰ ਕਰਦੇ ਜਾਓ, ਉਤਨਾ ਹੀ ਮਨੁੱਖ-ਮਾਤਰ ਲਈ ਉੱਤਮ ਜੀਵਨ ਜਿਊਣ ਦੀ ਸ਼ਕਤੀਸ਼ਾਲੀ ਪ੍ਰੇਰਨਾ ਪ੍ਰਾਪਤ ਹੁੰਦੀ ਰਹੇਗੀ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਵਿਚਾਰ ਕਰਦਿਆਂ ਜੋ ਮੁੱਖ ਤੱਥ ਉਘੜ ਕੇ ਸਾਹਮਣੇ ਆਏ ਹਨ। ਇਸ ਪ੍ਰਕਾਰ ਹਨ:

(੧) ਬਾਣੀ ਦਾ ਆਦੇਸ਼ ਅਤੇ ਸਰੂਪ, (੨) ਭਾਸ਼ਾ ਸਰੂਪ, (੩) ਸੰਖੇਪਨ ਤੱਤ, (੪) ਵਿਸ਼ਾ ਵਸਤੂ, (੫) ਅਲੰਕਾਰ, ਦ੍ਰਿਸ਼ਟਾਂਤ, (੬) ਮੁੱਖ ਉਪਦੇਸ਼, (੭) ਆਸ਼ਾਵਾਦੀ, (੮) ਮੁਕਤੀ ਦਾ ਸੰਕਲਪ, (੯) ਗ੍ਰਿਹਸਥੀ ਜੀਵਨ, (੧੦) ਮਨੁੱਖੀ-ਜੀਵਨ ਦੀ ਸਾਰਥਕਤਾ, (੧੧) ਸੰਸਾਰਕ ਪਦਾਰਥਾਂ ਦੀ ਨਾਸ਼ਮਾਨਤਾ, (੧੨) ਨਾਮ ਸਿਮਰਨ, (੧੩) ਪਾਵਨ ਸ਼ਖ਼ਸੀਅਤ ਦੀ ਅਮਿਟ ਛਾਪ ਤੇ (੧੪) ਸਾਰੰਸ਼।

**ਡਾ: ਮਹਿੰਦਰ ਸਿੰਘ**

੧-ਡੀ, ਆਫ਼ੀਸਰ ਕਾਲੋਨੀ,

ਪਾਸੀ ਰੋਡ, ਨਵਾਂ ਪਟਿਆਲਾ।

ੴ ਸਤਿਗੁਰ ਪ੍ਰਸਾਦਿ॥

# ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦਾ ਵਿਸ਼ਲੇਸ਼ਨਾਤਮਕ ਅਧਿਐਨ

## ਬਾਣੀ ਦਾ ਉਦੇਸ਼ ਅਤੇ ਸਰੂਪ

ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵੈਰਾਗ-ਰਸ ਨਾਲ ਭਰਪੂਰ ਅਤੇ ਇਸ ਕਦਰ ਪ੍ਰੇਮ-ਮਈ ਹੈ ਕਿ ਕਠੋਰ ਹਿਰਦੇ ਨੂੰ ਵੀ ਕੋਮਲ ਬਣਾਉਣ ਦੀ ਸਮਰੱਥਾ ਰੱਖਦੀ ਹੈ। ਵਿਸ਼ੇ-ਵਿਕਾਰਾਂ ਤੋਂ ਵਰਜਦੀ, ਮੋਹ-ਫਾਸ ਦੇ ਜਾਲ ਵਿੱਚ ਫਸੇ ਮਨੁੱਖ ਨੂੰ ਨਿਕਲਣ ਲਈ ਉਤਸ਼ਾਹ ਤੇ ਦਲੇਰੀ ਬਖਸ਼ਦੀ ਹੈ। ਨਿਡਰਤਾ, ਦ੍ਰਿੜ੍ਹਤਾ, ਦਲੇਰੀ ਅਤੇ ਇਰਾਦੇ ਵਿੱਚ ਪਕਿਆਈ ਆਦਿ ਗੁਣਾਂ ਦੀ ਪ੍ਰੇਰਕ ਹੈ। ਇਸ ਵਿਚੋਂ ਉੱਚੀ ਤੇ ਸਾਵੀਂ-ਪੱਧਰੀ ਜ਼ਿੰਦਗੀ ਦੀਆਂ ਸੇਧਾਂ ਮਿਲਦੀਆਂ ਹਨ। ਮਨੁੱਖ ਨੂੰ ਦੁੱਖ, ਸੁਖ, ਮਾਨ-ਅਪਮਾਨ ਅਤੇ ਅਮੀਰੀ-ਗਰੀਬੀ ਵਿੱਚ ਆਪਣੇ ਮਨ ਨੂੰ ਸਥਿਰ ਰੱਖਣ ਵਿੱਚ ਸਹਾਇਕ ਹੁੰਦੀ ਹੈ। ਸਭ ਤੋਂ ਵੱਧ ਅਸਰ ਪਾਉਣ ਵਾਲੀ ਸਿੱਖਿਆ ਇਹ ਹੈ ਕਿ ਮਨੁੱਖ ਨੂੰ ਉਸ ਦੇ ਅੰਤ ਭਾਵ ਮੌਤ ਨੂੰ ਚੇਤੇ ਕਰਾਈ ਰੱਖਦੀ ਹੈ, ਜਿਸ ਕਾਰਨ ਇਨਸਾਨ ਬੁਰਿਆਈਆਂ ਤੋਂ ਬਚਣ ਦਾ ਉਪਰਾਲਾ ਕਰਦਾ ਹੈ। ਮਾਨਵ ਸਮਾਜ ਵਿੱਚ ਸਮਾਨਤਾ ਦਰਸਾਉਂਦੀ ਅਤੇ ਢਹਿੰਦੀ ਕਲਾ ਵਿੱਚ ਜਾਣ ਤੋਂ ਰੋਕ ਕੇ ਨਿਰਾਸ਼ਾਵਾਦੀ ਹੋਣ ਦੀ ਥਾਂ ਆਸ਼ਾਵਾਦੀ ਬਣਾ ਕੇ ਚੜ੍ਹਦੀ ਕਲਾ ਵਿੱਚ ਪ੍ਰਵੇਸ਼ ਕਰਾਉਂਦੀ ਹੈ।

ਗੁਰੂ ਸਾਹਿਬ ਨੇ ਆਪਣੀ ਬਾਣੀ ਦੀ ੧੫ ਰਾਗਾਂ ਵਿੱਚ ਰਚਨਾ ਕੀਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅੰਤਲਾ ਇਕੱਤੀਵਾਂ ਰਾਗ ਜੈਜਾਵੰਤੀ ਕੇਵਲ ਨੌਵੇਂ ਪਾਤਸ਼ਾਹ ਨੇ ਹੀ ਵਰਤਿਆ ਹੈ। ਇਸ ਰਾਗ ਵਿੱਚ ਉਨ੍ਹਾਂ ਦੇ ਚਾਰ ਸ਼ਬਦ ਹਨ। ਸਾਰੇ ਰਾਗਾਂ ਦੀ ਬਾਣੀ ਦਾ ਵੇਰਵਾ ਨਿਮਨ ਲਿਖਤ ਅਨੁਸਾਰ ਹੈ:

| ਨੰ: | ਰਾਗ | ਸ਼ਬਦ | ਨੰ: | ਰਾਗ | ਸ਼ਬਦ |
|---|---|---|---|---|---|
| ੧. | ਗਉੜੀ | ੯ | ੮ | ਟੋਡੀ | ੧ |
| ੨. | ਆਸਾ | ੧ | ੯ | ਤਿਲੰਗ | ੩ |
| ੩. | ਦੇਵਗੰਧਾਰੀ | ੩ | ੧੦. | ਬਿਲਾਵਲ | ੩ |
| ੪. | ਬਿਹਾਗੜਾ | ੧ | ੧੧. | ਰਾਮਕਲੀ | ੩ |
| ੫. | ਸੋਰਠਿ | ੧੨ | ੧੨. | ਮਾਰੂ | ੩ |
| ੬. | ਧਨਾਸਰੀ | ੪ | ੧੩. | ਬਸੰਤ ਹਿੰਡੋਲ | ੫ |
| ੭. | ਜੈਤਸਰੀ | ੩ | ੧੪. | ਸਾਰੰਗ | ੪ |
| | | | ੧੫. | ਜੈਜਾਵੰਤੀ | ੪ |
| | | | | ਜੋੜ : | ੫੯ |
| | | | | ਸਲੋਕ | ੫੭ |
| | | | | ਕੁਲ ਜੋੜ | ੧੧੬ |

## ਭਾਸ਼ਾ ਦਾ ਸਰੂਪ

ਗੁਰੂ ਸਾਹਿਬ ਨੇ ਆਪਣੀ ਸਾਰੀ ਰਚਨਾ ਵਿੱਚ ਪੰਜਾਬੀ, ਹਿੰਦੀ, ਬ੍ਰਿਜਭਾਸ਼ਾ ਦੇ ਸ਼ਬਦਾਂ ਨੂੰ ਹੀ ਵਰਤੋਂ ਵਿੱਚ ਲਿਆਂਦਾ ਹੈ। ਕੇਵਲ ਦੋ ਫ਼ਾਰਸੀ ਦੇ ਸ਼ਬਦ-ਗੁਮਾਨ ਅਤੇ ਤਨ ਅਤੇ ਦੋ ਅਰਬੀ ਭਾਸ਼ਾ ਦੇ ਗਾਫ਼ਲ ਅਤੇ ਹੈਰਾਨ ਸਾਰੀ ਸ਼ਬਦਾਵਲੀ ਵਿੱਚ ਆਏ ਹਨ। ਬੋਲੀ ਵਿੱਚ ਮਿਠਾਸ, ਕੋਮਲਤਾ ਅਤੇ ਸਾਦਗੀ ਇਸ ਕਦਰ ਹੈ, ਜੇਕਰ ਕਿਧਰੇ ਭੁੱਲੇ ਮਨੁੱਖ ਨੂੰ ਸਖ਼ਤ ਤਾੜਨਾ ਵੀ ਕਰਨੀ ਪਈ ਤਾਂ ਉਸੇ ਪ੍ਰਕਾਰ ਜਿਸ ਤਰ੍ਹਾਂ ਮਾਂ ਆਪਣੇ ਪਿਆਰੇ ਪੁੱਤਰ ਨੂੰ ਪਿਆਰ ਭਰੇ ਹਿਰਦੇ ਨਾਲ ਝਿੜਕਦੀ ਹੈ। ਸੰਜਮ ਅਤੇ ਲੈ ਦੀ ਪ੍ਰਤੱਖ ਝਲਕ ਵਿਖਾਈ ਦੇ ਰਹੀ ਹੈ। ਬੋਲੀ ਵਿੱਚ ਕੁਰੱਖਤ ਰੰਗਤ ਨਹੀਂ ਆਉਣ ਦਿੱਤੀ। ਤਿਲੰਗ ਰਾਗ ਦੇ ਪਹਿਲੇ ਸ਼ਬਦ ਵਿੱਚੋਂ ਹੇਠ ਲਿਖੀਆਂ ਤੁਕਾਂ ਪੜ੍ਹਨ ਯੋਗ ਹਨ:

ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ॥

ਝੂਠੇ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ॥ (ਪੰਨਾ-੭੨੬)

ਇਸ ਰਾਗ ਦੇ ਤੀਜਰੇ ਸ਼ਬਦ ਦੀਆਂ ਤੁਕਾਂ ਵਿਚਾਰ ਗੋਚਰ ਹਨ:

ਜਾਨਿ ਬੂਝ ਕੈ ਬਾਵਰੇ ਤੈ ਕਾਜੁ ਬਿਗਾਰਿਓ॥

ਪਾਪ ਕਰਤ ਸੁਕਚਿਓ ਨਹੀ ਨਹ ਗਰਬੁ ਨਿਵਾਰਿਓ॥

(ਪੰਨਾ-੭੨੭)

ਭਾਵ-ਹੇ ਮੂਰਖਾ ਤੂੰ ਸਭ ਕੁਝ ਜਾਣਦਾ ਹੋਇਆ, ਸਮਝਦਾ ਹੋਇਆ ਵੀ ਆਪਣਾ ਕੰਮ ਵਿਗਾੜ ਲਿਆ ਹੈ। ਤੂੰ ਪਾਪ ਕਰਦਾ ਕਦੇ ਸੰਗਿਆ ਨਹੀਂ ਅਤੇ ਨਾ ਹੀ ਹੰਕਾਰ ਨੂੰ ਦੂਰ ਕੀਤਾ ਹੈ।

ਗੁਰੂ ਜੀ ਦੇ ਮਿਠੜੇ ਬੋਲ ਭਾਵ ਪ੍ਰਭਾਵਸ਼ਾਲੀ ਬਚਨ ਭੁੱਲੇ ਮਨੁੱਖ ਦੀ ਸਦਾ ਲਈ ਅਗਵਾਈ ਕਰਦੇ ਰਹਿਣਗੇ। ਉਸ ਦੇ ਸਹੀ ਰਾਹ ਨੂੰ ਰੁਸ਼ਨਾਉਂਦੇ ਤੇ ਉਚ ਸਖਸ਼ੀਅਤ ਦਾ ਨਮੂਨਾ ਪੇਸ਼ ਕਰਦੇ ਰਹਿਣਗੇ।

## ਸੰਬੋਧਨ ਤੱਤ

### ਮਨ

ਚੰਗਿਆਈ, ਬੁਰਿਆਈ, ਵਿਕਾਰ, ਪਰਉਪਕਾਰ ਅਤੇ ਧਰਮ ਮਨੁੱਖ ਦੇ ਮਨ ਦਾ ਵਿਸ਼ਾ ਹਨ। ਚੰਗਾ ਜਾਂ ਬੁਰਾ, ਨੇਕੀ ਜਾਂ ਬਦੀ ਅਤੇ ਨਿਆਂ-ਅਨਿਆਂ ਅਮਲੀ ਤੌਰ 'ਤੇ ਕਰਨ ਤੋਂ ਪਹਿਲਾਂ ਮਨੁੱਖ ਦੇ ਮਨ ਵਿੱਚ ਹੀ ਸੰਕਲਪ ਉਪਜਦਾ ਹੈ। ਗੁਰੂ ਸਾਹਿਬ ਜੀ ਨੇ ਇਕ ਪ੍ਰਬੀਨ ਮਨੋ-ਵਿਗਿਆਨੀ ਦੀ ਤਰ੍ਹਾਂ ਸਿੱਧੇ ਤੌਰ ਤੇ ਆਪਣੀ ਬਾਣੀ ਵਿੱਚ ਵਧੇਰੇ ਮਨੁੱਖੀ-ਮਨ ਨੂੰ ਹੀ ਸੰਬੋਧਨ ਕੀਤਾ ਹੈ। ਉਨ੍ਹਾਂ ਦੀ ਸਾਰੀ ਬਾਣੀ ਵਿਚੋਂ ਤੇਰ ਸ਼ਬਦਾਂ ਤੇ ਸਲੋਕਾਂ ਰਾਹੀਂ ਕੇਵਲ ਮਨੁੱਖ ਦੇ ਮਨ ਨੂੰ ਸੰਬੋਧਨ ਕੀਤਾ ਗਿਆ ਹੈ। ਇਸ ਤਰ੍ਹਾਂ ਮਨ ਉਤੇ ਪ੍ਰਭਾਵਸ਼ਾਲੀ ਤੇ ਸਾਰਥਕ ਅਸਰ ਪੈਂਦਾ ਹੈ। ਉਦਾਹਰਣ ਵਜੋਂ ਦੋ ਸ਼ਬਦਾਂ ਵਿਚੋਂ ਦੋ ਤੁਕਾਂ ਅਤੇ ਦੋ ਸਲੋਕ ਦਰਜ ਕੀਤੇ ਜਾਂਦੇ ਹਨ:

ਰਾਗੁ ਰਾਮਕਲੀ ਮਹਲਾ ੯॥

੧. ਰੇ ਮਨ ਓਟ ਲੇਹੁ ਹਰਿ ਨਾਮਾ॥

ਜਾ ਕੈ ਸਿਮਰਨਿ ਦੁਰਮਤਿ ਨਾਸੀ ਪਾਵਹਿ ਪਦੁ ਨਿਰਬਾਨਾ ॥

(ਪੰਨਾ-੯੦੧)

**ਤਿਲੰਗ ਮਹਲਾ ੯ ॥**

੨. ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ ॥
ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ ॥

(ਪੰਨਾ-੭੨੬)

**ਸਲੋਕ ॥**

੩. ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ ॥
ਕਹੁ ਨਾਨਕ ਸੁਨਿ ਰੇ ਮਨਾ ਦੁਰਲਭ ਮਾਨੁਖ ਦੇਹ ॥ ੨੭ ॥

(ਪੰਨਾ-੧੪੨੭)

**ਸਲੋਕ ॥**

੪. ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ ॥
ਕਹੁ ਨਾਨਕ ਸੁਨਿ ਰੇ ਮਨਾ ਹਰਿ ਭਾਵੈ ਸੋ ਹੋਇ ॥ ੩੯ ॥

(ਪੰਨਾ-੧੪੨੮)

## ਮਾਈ

ਮਨੁੱਖੀ-ਸਮਾਜ ਅੰਦਰ ਮਨੁੱਖ ਆਪਣੇ ਮਨ ਦੀ ਦੁਖੀ-ਸੁਖੀ, ਖੁਸ਼ੀ-ਗ਼ਮੀ ਦੀ ਦਸ਼ਾ ਜਾਂ ਸ਼ੁਭ ਅਸ਼ੁਭ ਅਮਲਾਂ ਦੀ ਵਿਥਿਆ ਵਾਹਿਗੁਰੂ ਤੋਂ ਦੂਜੇ ਦਰਜੇ ਉਤੇ ਆਪਣੀ ਮਾਂ ਨੂੰ ਹੀ ਸੁਣਾਉਂਦਾ ਹੈ। ਕਿਸੇ ਗੰਭੀਰ ਪੀੜਾ ਵੇਲੇ ਸੁਭਾਵਕ ਹੀ ਮੂੰਹ ਪੁਕਾਰਦਾ ਹੈ, ਹੇ ਰੱਬਾ ! ਜਾਂ ਹੇ ਮਾਂ ! ਗੁਰੂ ਸਾਹਿਬ ਨੇ ਵੀ ਆਪਣੀ ਸਾਰੀ ਬਾਣੀ ਵਿੱਚ ਪਿਆਰ ਤੇ ਸਤਿਕਾਰ ਭਰਪੂਰ ਮਾਂ ਨੂੰ ਸੰਬੋਧਨ ਕਰ ਕੇ ੬ ਸ਼ਬਦਾਂ ਦਾ ਉਚਾਰਨ ਕੀਤਾ ਹੈ। ਉਦਾਹਰਣ ਵਜੋਂ ਏ ਸ਼ਬਦਾਂ ਦੀਆਂ ਮੁੱਢਲੀਆਂ ਤੁਕਾਂ ਦ੍ਰਿਸ਼ਟੀਗੋਚਰ ਹਨ:

**ਮਾਰੂ ਮਹਲਾ ੯ ॥**

੧. ਮਾਈ ਮੈ ਮਨ ਕੋ ਮਾਨੁ ਨ ਤਿਆਗਿਓ ॥

ਮਾਇਆ ਕੇ ਮਦਿ ਜਨਮੁ ਸਿਰਾਇਓ ਰਾਮ ਭਜਨਿ ਨਹੀ ਲਾਗਿਓ ॥

(ਪੰਨਾ-੧੦੦੮)

**ਸੋਰਠਿ ਮਹਲਾ ੯ ॥**

੨. ਮਾਈ ਮੈ ਕਿਹਿ ਬਿਧਿ ਲਖਉ ਗੁਸਾਈ ॥

ਮਹਾ ਮੋਹ ਅਗਿਆਨਿ ਤਿਮਰਿ ਮੋ ਮਨੁ ਰਹਿਓ ਉਰਝਾਈ ॥

(ਪੰਨਾ-੬੩੨)

ਸੰਬੋਧਨ ਕਰਨ ਲਈ ਮਨੁੱਖਤਾ ਦੇ ਨੇੜੇ ਦੇ ਰਿਸ਼ਤੇ—ਮਾਈ, ਮਨ, ਭਾਈ, ਮਿੱਤਰ ਅਤੇ ਪ੍ਰਾਣੀ ਆਦਿ ਵਰਤਣ ਨਾਲ ਰਚਨਾ ਵਿੱਚ ਪਿਆਰ ਭਰੀ ਖਿੱਚ ਸਮਾਈ ਹੋਈ ਹੈ। ਇਹ ਵੀ ਇਕ ਕਾਰਨ ਹੈ, ਜਿਸ ਕਰਕੇ ਗੁਰੂ ਸਾਹਿਬ ਦੀ ਬਾਣੀ ਦਾ ਡੂੰਘਾ ਪ੍ਰਭਾਵ ਹਰ ਇਕ ਪ੍ਰਾਣੀ ਉੱਤੇ ਸਹਿਜੇ ਹੀ ਪੈਂਦਾ ਚਲਿਆ ਜਾਂਦਾ ਹੈ।

## ਗੁਰੂ ਸਾਹਿਬ ਦੇ ਸ਼ਬਦਾਂ ਦਾ ਵਿਸ਼ਾ–ਵਸਤੂ (Theme)

ਗੁਰੂ ਸਾਹਿਬ ਦੀ ਬਾਣੀ ਦਾ ਅਰਥ ਭਾਵ ਸਮਝਣ ਵਿੱਚ ਕੋਈ ਖਾਸ ਕਠਿਨਾਈ ਨਹੀਂ ਹੈ, ਕਿਉਂਕਿ ਸ਼ੈਲੀ ਸਰਲ ਤੇ ਸਪੱਸ਼ਟ ਹੈ। ਹਰ ਸ਼ਬਦ ਦਾ ਵਿਸ਼ਾ-ਵਸਤੂ ਸਮਝਣ ਲਈ ਹੋਰ ਵੀ ਆਸਾਨੀ ਹੈ, ਕਿਉਂਕਿ ਗੁਰੂ ਸਾਹਿਬ ਨੇ ਆਪਣੇ ਹਰ ਸ਼ਬਦ ਦੇ ਆਰੰਭ ਵਿੱਚ "ਰਹਾਉ" ਦੀਆਂ ਤੁਕਾਂ ਦੇ ਦਿੱਤੀਆਂ ਹਨ। ਕੋਈ ਸ਼ਬਦ ਅਜਿਹਾ ਨਹੀਂ ਜਿਸ ਦੇ ਪਹਿਲਾਂ "ਰਹਾਉ" ਦੀਆਂ ਤੁਕਾਂ ਨਾ ਦਿੱਤੀਆਂ ਹੋਣ। ਸ਼ਬਦ ਦਾ ਮੁੱਖ ਭਾਵ "ਰਹਾਉ" ਦੀਆਂ ਤੁਕਾਂ ਵਿੱਚ ਹੁੰਦਾ ਹੈ। ਸ਼ਬਦ ਦੇ ਵਿਚਾਰਨ ਸਮੇਂ ਸ਼ਬਦ ਦਾ ਕੇਂਦਰੀ ਭਾਵ ਪਹਿਲਾਂ ਹੀ ਔਖੇ ਆ ਜਾਂਦਾ ਹੈ।

ਕਿਸੇ ਸ਼ਬਦ ਵਿੱਚ ਜੋ ਕੁਝ ਦੱਸਣਾ ਹੁੰਦਾ ਹੈ, ਉਸ ਬਾਰੇ ਪਹਿਲਾਂ ਪ੍ਰਸ਼ਨ ਉਠਾਏ ਗਏ ਹਨ। ਫਿਰ ਉਸੇ ਸ਼ਬਦ ਦੀਆਂ ਅਗਲੀਆਂ ਤੁਕਾਂ ਵਿੱਚ ਉਨ੍ਹਾਂ ਸ਼ਬਦਾਂ ਦੇ ਉੱਤਰ ਦਿੱਤੇ ਗਏ ਹਨ। ਇਸ ਤਰ੍ਹਾਂ ਸ਼ਬਦ ਦੇ ਭਾਵ ਨੂੰ ਸਪੱਸ਼ਟ ਕਰਨ ਲਈ ਅਤੇ ਡੂੰਘਾ ਪ੍ਰਭਾਵ ਪਾਉਣ ਲਈ ਇਹ ਵਿਧੀ ਅਪਣਾਈ ਗਈ ਹੈ:

**ਰਾਮਕਲੀ ਮਹਲਾ ੯ ॥**

ਪ੍ਰਸ਼ਨ- ਸਾਧੋ ਕਉਨ ਜੁਗਤਿ ਅਬ ਕੀਜੈ ॥

ਜਾ ਤੇ ਦੁਰਮਤਿ ਸਗਲ ਬਿਨਾਸੈ ਰਾਮ ਭਗਤਿ ਮਨੁ ਭੀਜੈ ॥ ੧ ॥ ਰਹਾਉ ॥

ਮਨ ਮਾਇਆ ਮਹਿ ਉਰਝਿ ਰਹਿਓ ਹੈ ਬੂਝੈ ਨਹ ਕਛੁ ਗਿਆਨਾ ॥
ਕਉਨ ਨਾਮੁ ਜਗੁ ਜਾ ਕੈ ਸਿਮਰੈ ਪਾਵੈ ਪਦੁ ਨਿਰਬਾਨਾ ॥੧॥
ਉੱਤਰ- ਭਏ ਦਇਆਲ ਕ੍ਰਿਪਾਲ ਸੰਤ ਜਨ ਤਬ ਇਹ ਬਾਤ ਬਤਾਈ ॥
ਸਰਬ ਧਰਮ ਮਾਨੋ ਤਿਹ ਕੀਏ ਜਿਹ ਪ੍ਰਭ ਕੀਰਤਿ ਗਾਈ ॥੨॥
ਰਾਮ ਨਾਮੁ ਨਰੁ ਨਿਸਿ ਬਾਸੁਰ ਮਹਿ ਨਿਮਖ ਏਕ ਉਰਿ ਧਾਰੈ ॥
ਜਮ ਕੋ ਤ੍ਰਾਸੁ ਮਿਟੈ ਨਾਨਕ ਤਿਹ ਅਪੁਨੋ ਜਨਮੁ ਸਵਾਰੈ ॥੩॥

(ਪੰਨਾ-੯੦੨)

## ਅਲੰਕਾਰ ਅਤੇ ਦ੍ਰਿਸਟਾਂਤ

ਗੁਰੂ ਸਾਹਿਬ ਨੇ ਆਪਣੀ ਰਚਨਾ ਵਿੱਚ ਭਾਵ ਨੂੰ ਸਪਸ਼ਟ ਰੂਪ ਵਿੱਚ ਪ੍ਰਗਟਾਉਣ ਲਈ ਤੇ ਉਜਾਲਾ ਕਰਨ ਲਈ ਬੜੇ ਢੁਕਵੇਂ ਸੁੰਦਰ ਚਿਤਰਾਂ ਦੇ ਪ੍ਰਮਾਣ ਵਰਤੇ ਹਨ। ਕੁਲ ਪ੍ਰਮਾਣ ਜੋ ਸਾਰੀ ਬਾਣੀ ਵਿੱਚ ਵਰਤੇ ਗਏ ਹਨ, ਗਿਣਤੀ ਵਿੱਚ ੧੮ ਹਨ।

੧. ਬੱਦਲਾਂ ਦੀ ਛਾਂ
੨. ਸੁਪਨਾ
੩. ਪੇਖਨਾ (ਤਮਾਸ਼ਾ)
੪. ਮ੍ਰਿਗ ਤ੍ਰਿਸਨਾ
੫. ਗਜ (ਹਾਥੀ)
੬. ਸੁਆਨ (ਕੁੱਤੇ) ਦੀ ਪੂਛ
੭. ਗਨਕਾ
੮. ਅਜਾਮਲ
੯. ਧ੍ਰੂਅ
੧੦. ਦਰਪਨ (ਸ਼ੀਸ਼ਾ)
੧੧. ਬਾਲੂ-(ਰੇਤ) ਦੀ ਦੀਵਾਰ
੧੨. ਪਸ਼ੂਆਂ ਵਾਂਗ ਪੇਟ ਭਰਨਾ
੧੩. ਪਾਣੀ ਦਾ ਬੁਲਬੁਲਾ
੧੪. ਦੀਵਾਰ ਉਤੇ ਚਿੱਤਰੀ ਮੂਰਤ
੧੫. ਘਟ (ਘੜਾ)
੧੬. ਪਾਹਨ (ਪੱਥਰ)
੧੭. ਪੰਚਾਲੀ (ਦਰੋਪਦੀ)
੧੮. ਕੁੰਚਰ ਇਸਨਾਨ (ਹਾਥੀ ਦਾ ਨ੍ਹਾਉਣਾ)

## ਬਾਲੂ (ਰੇਤ ਦੀ ਕੰਧ)

ਸੰਸਾਰ ਦੀ ਹਰ ਵਸਤੂ ਦੀ ਅਸਥਿਰਤਾ ਜਾਂ ਪਰਿਵਰਤਨਸ਼ੀਲਤਾ ਨੂੰ ਬਾਲੂ ਦੀ ਕੰਧ ਜਾਂ ਬੱਦਲਾਂ ਦੀ ਛਾਂ ਰਾਹੀਂ ਪੇਸ਼ ਕਰਦੇ ਹਨ।

**ਜੈਜਾਵੰਤੀ ਮਹਲਾ ੯ ॥**

੧. ਸੁਪਨੇ ਜਿਉ ਧਨ ਪਛਾਨ ਕਾਹੇ ਪਰਿ ਕਰਤ ਮਾਨ ॥
ਬਾਰੂ ਕੀ ਭੀਤਿ ਜੈਸੇ ਬਸੁਧਾ ਕੋ ਰਾਜੁ ਹੈ ॥ (ਪੰਨਾ-੧੩੫੨)

**ਸਲੋਕ ॥**

੨. ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥
ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ ॥ ੪੯ ॥
(ਪੰਨਾ-੧੪੨੯)

## ਬੱਦਲਾਂ ਦੀ ਛਾਂ

**ਗਉੜੀ ਮਹਲਾ ੯ ॥**

੩. ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ ॥
ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ ॥
(ਪੰਨਾ-੨੧੯)

**ਸਾਰੰਗ ਮਹਲਾ ੯ ॥**

੪. ਕਹਾ ਮਨ ਬਿਖਿਆ ਸਿਉ ਲਪਟਾਹੀ ॥
ਯਾ ਜਗ ਮਹਿ ਕੋਊ ਰਹਨੁ ਨ ਪਾਵੈ ਇਕਿ ਆਵਹਿ ਇਕਿ ਜਾਹੀ ॥ ੧ ॥
ਰਹਾਉ ॥
ਕਾਂ ਕੋ ਤਨੁ ਧਨੁ ਸੰਪਤਿ ਕਾਂ ਕੀ ਕਾ ਸਿਉ ਨੇਹੁ ਲਗਾਹੀ ॥
ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਹੀ ॥ ੧ ॥
(ਪੰਨਾ-੧੨੩੧)

## ਕੁੰਚਰ ਇਸਨਾਨ

ਕਈ ਮਨੁੱਖ ਆਪਣੇ ਖਿਆਲਾਂ ਤੇ ਵਿਚਾਰਾਂ ਦੇ ਪ੍ਰਗਟਾਉਣ ਲਈ ਜਾਨਵਰਾਂ ਦੇ ਨਸਲੀ ਸੁਭਾ ਨੂੰ ਪ੍ਰਮਾਣ ਲਈ ਉਚਿਤ ਸਮਝਦਾ ਹੈ। ਜਿਸ ਤਰ੍ਹਾਂ ਬਹਾਦਰੀ ਤੇ ਦਲੇਰੀ ਸ਼ੇਰ ਰਾਹੀਂ, ਨਰਮ-ਦਿਲੀ ਗਊ ਰਾਹੀਂ। ਹਾਥੀ ਦਾ ਸੁਭਾਉ ਹੁੰਦਾ ਹੈ ਕਿ ਚਾਹੇ ਉਸ ਨੂੰ ਹੁਣੇ ਨੁਹਾਇਆ ਹੋਵੇ, ਆਪਣੇ ਉਤੇ ਮਿੱਟੀ-ਘੱਟਾ ਸੁੱਟ ਲੈਂਦਾ ਹੈ। ਇਸੇ ਤਰ੍ਹਾਂ ਮਨੁੱਖ ਭਲੇ ਕਰਮ ਕਰਕੇ ਉਨ੍ਹਾਂ ਕਰਮਾਂ ਜਾਂ ਚੰਗਿਆਈਆਂ ਦਾ ਗੁਮਾਨ ਕਰ ਲਵੇ, ਉਹ ਸ਼ੁਭ ਕਰਮ ਨਿਸਫਲ ਹੋ ਜਾਂਦੇ ਹਨ।

**ਸਲੋਕ ॥**

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥ ੪੬ ॥

(ਪੰਨਾ-੧੪੨੮)

ਇਸੇ ਪ੍ਰਕਾਰ ਗੁਰੂ ਸਾਹਿਬ ਨੇ ਬੜੇ ਸੁੰਦਰ ਅਤੇ ਸੁਚੱਜੇ ਪ੍ਰਮਾਣਾਂ ਨੂੰ ਵਰਤ ਕੇ ਸ਼ਬਦ ਦੇ ਭਾਵ ਦਾ ਭੁੱਲੇ ਮਨਾਂ ਉਤੇ ਅਸਰ ਪਾਉਣ ਲਈ ਸਾਹਿਤਕ ਕਲਾ ਨੂੰ ਇਕ ਮਨੋਹਰ ਦੇਣ ਦਿੱਤੀ ਹੈ।

## ਪਾਣੀ ਦਾ ਬੁਲਬੁਲਾ

**ਸਲੋਕ ॥**

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥
ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥ ੨੫ ॥

(ਪੰਨਾ-੧੪੨੭)

## ਮੁੱਖ ਉਪਦੇਸ਼

*ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸਾਰੀ ਬਾਣੀ ਵਿੱਚੋਂ ਨਿਮਨ ਉਪਦੇਸ਼ ਮਿਲਦਾ ਹੈ:*

*ਸੰਸਾਰਕ ਵਿਸ਼ੇ ਵਿਕਾਰਾਂ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਭਿਮਾਨ,*

ਨਿੰਦਿਆ, ਝੂਠੀ ਖੁਸ਼ਾਮਦ ਅਤੇ ਬੁਰੇ ਪੁਰਸ਼ਾਂ ਦੀ ਸੰਗਤ ਤੋਂ ਬਚਣਾ, ਵਾਹਿਗੁਰੂ ਦੀ ਸ਼ਰਨ ਵਿੱਚ ਰਹਿਣਾ ਤੇ ਉਸ ਨੂੰ ਸਦਾ ਅੰਗ-ਸੰਗ ਸਮਝਣਾ, ਘਟ-ਘਟ ਵਿੱਚ ਉਸੇ ਦਾ ਪ੍ਰਕਾਸ਼ ਹੀ ਪਰਤੀਤ ਕਰਨਾ, ਪ੍ਰਭੂ-ਭਗਤੀ ਤੇ ਸਿਮਰਨ ਵਿੱਚ ਲੀਨ ਹੋਣਾ, ਸੰਸਾਰਕ ਪਦਾਰਥਾਂ ਅਤੇ ਰਿਸ਼ਤਿਆਂ ਦੀ ਅਸਥਿਰਤਾ ਅਤੇ ਪਰਿਵਰਤਨਸ਼ੀਲਤਾ (Changefulness) ਨੂੰ ਸਮਝ ਕੇ ਖੰਡਿਤ ਨਾ ਹੋਣਾ, ਉਮਰ, ਜੋ ਛਿਨ-ਛਿਨ ਘਟ ਰਹੀ ਹੈ, ਨੂੰ ਨੇਕ ਤੇ ਪਵਿੱਤਰ ਕਰਮ ਕਰਕੇ ਸਫਲ ਬਣਾਉਣਾ, ਬੁਰਿਆਈਆਂ ਵਿੱਚ ਪੈ ਕੇ ਵਿਅਰਥ ਗੁਆਉਣ ਤੋਂ ਬਚਾਉਣਾ।

ਸਰਬ ਸੰਸਾਰ ਅੰਦਰ ਮਾਨਵ ਸਮਾਜ ਦੀ ਸੁਖ ਸ਼ਾਂਤੀ ਅਤੇ ਠੰਢ ਲਈ ਉਨ੍ਹਾਂ ਉਪਦੇਸ਼ਾਂ ਦੀ ਓਨੀ ਹੀ ਹੁਣ ਲੋੜ ਹੈ, ਜਿੰਨੀ ਇਸ ਪਾਵਨ ਬਾਣੀ ਦੇ ਰਚਨ ਕਾਲ ਸਮੇਂ ਸੀ। ਹੁਣ ਵੀ ਗੁਰੂ ਬਚਨਾਂ ਤੋਂ ਰੋਸ਼ਨੀ ਲੈ ਕੇ ਵਿਸ਼ਵ ਸ਼ਾਂਤੀ ਅਤੇ ਅਮਨ ਕਾਇਮ ਹੋ ਸਕਦਾ ਹੈ। ਉਹ ਹਰ ਵਰਗ ਦੇ ਮਨੁੱਖ ਨੂੰ ਚਾਹੇ ਉਹ ਰਾਓ ਹੈ, ਚਾਹੇ ਰੰਕ, ਆਪਣਾ ਕਰਤੱਵ ਪਾਲਣਾ ਸਿਖਾਉਂਦੇ ਹਨ। ਉਨ੍ਹਾਂ ਦੀ ਪਾਵਨ ਬਾਣੀ ਵਿੱਚ ਸੰਸਾਰ ਦੇ ਸਰਬ ਸੁਖਾਂ, ਆਤਮਾ ਦੀ ਉੱਚਤਮ ਅਵਸਥਾ ਜਾਂ ਜੀਵਨ ਮੁਕਤੀ ਦੇ ਭੇਦ ਲੱਭਦੇ ਹਨ। ਉਨ੍ਹਾਂ ਉੱਤੇ ਅਮਲ ਕਮਾਇਆਂ ਮਨੁੱਖ ਪੂਰਨਤਾ ਤਕ ਪੁੱਜ ਸਕਦਾ ਹੈ। ਜਿਥੇ ਉਸ ਨੂੰ ਦੁੱਖ-ਸੁਖ, ਖੁਸ਼ੀ-ਗ਼ਮੀ, ਆਦਰ-ਨਿਰਾਦਰ ਅਤੇ ਉਸਤਤ-ਨਿੰਦਿਆ ਪੋਹ ਨਹੀਂ ਸਕਦੇ।

## ਆਸ਼ਾਵਾਦੀ (Optimism)

ਸਿੱਖ ਧਰਮ ਵਿਚ ਮਨੁੱਖ ਨੂੰ ਚੜ੍ਹਦੀ ਕਲਾ ਵਿਚ ਭਾਵ ਆਸ਼ਾਵਾਦੀ ਰਹਿਣ ਦਾ ਉਪਦੇਸ਼ ਕੀਤਾ ਗਿਆ ਹੈ। ਕਿਸੇ ਸਮੇਂ ਜਾਂ ਹਾਲਤ ਵਿੱਚ ਵੀ ਨਿਰਾਸ਼ਾਵਾਦੀ ਹੋਣਾ ਸਿਧਾਂਤਕ ਪੱਖ ਗਿਰਾਵਟ ਸਮਝੀ ਜਾਂਦੀ ਹੈ। ਬਲਕਿ ਦੁੱਖ, ਕਲੇਸ਼, ਹਾਨੀਆਂ ਅਤੇ ਅਸਫਲਤਾਵਾਂ ਵਿੱਚ ਚੜ੍ਹਦੀ ਕਲਾ ਜਾਂ ਆਸ਼ਾਵਾਦੀ ਰਹਿਣਾ ਹੀ ਉਚਿਤ ਤੇ ਉੱਤਮ ਅਵਸਥਾ ਹੁੰਦੀ ਹੈ। ਢਹਿੰਦੀ ਕਲਾ ਜਾਂ ਨਿਰਾਸਤਾ ਵਿਚ ਵਿਚਰਨਾ ਗੁਰਸਿੱਖੀ ਦੇ ਅਨੁਕੂਲ ਨਹੀਂ।

ਗੁਰੂ ਤੇਗ ਬਹਾਦਰ ਜੀ ਨੇ ਆਪਣੀ ਬਾਣੀ ਵਿਚ ਉਸ ਮਨੁੱਖ ਨੂੰ ਜਿਸ ਨੇ ਆਪਣੇ ਜੀਵਨ ਦਾ ਹਿੱਸਾ ਵਿਸ਼ੇ-ਵਿਕਾਰਾਂ ਵਿੱਚ ਮਗਨ ਰਹਿ ਕੇ ਵਿਅਰਥ ਖੋ ਲਿਆ ਹੋਵੇ, ਨਿਰਾਸਤਾ ਵਿਚ ਜਾਣ ਤੋਂ ਬਚਾਉਂਦੇ ਹਨ। ਉਸ ਪਰਥਾਏ ਫ਼ੁਰਮਾਉਂਦੇ ਹਨ ਕਿ ਅਜੇ ਵੀ ਕੁਝ ਨਹੀਂ ਵਿਗੜਿਆ ਜੇਕਰ ਪਿਛਲੇ ਔਗੁਣਾਂ ਦਾ ਪਸ਼ਚਾਤਾਪ ਕਰਕੇ ਅੱਗੇ ਲਈ ਸੱਚ ਦਾ ਰਾਹ ਫੜ ਲਵੇਂ ਤੇ ਦਿਨ ਰਾਤ ਸਵਾਸ-ਸਵਾਸ ਵਾਹਿਗੁਰੂ ਸਿਮਰਨ ਵਿੱਚ ਬਾਕੀ ਰਹਿੰਦਾ ਜੀਵਨ ਬਤੀਤ ਕਰਨ ਲਗ ਜਾਵੇਂ।

ਵਾਹਿਗੁਰੂ ਪਤਿਤ ਪਾਵਨ ਅਤੇ ਬਖ਼ਸ਼ਣਹਾਰ ਹੈ। ਉਹ ਆਪਣੇ ਇਸ ਕਰਤੱਵ ਦੀ ਪਾਲਣਾ ਕਰਦਾ ਹੋਇਆ ਪਾਪੀਆਂ ਨੂੰ ਬਖ਼ਸ਼ ਦਿੰਦਾ ਹੈ। ਗੁਰੂ ਸਾਹਿਬ ਆਪਣੀ ਬਾਣੀ ਵਿੱਚ ਇਸ ਭਾਵ ਨੂੰ ਪ੍ਰਗਟਾਉਣ ਲਈ ਇਕ ਪਾਪੀ-ਅਜਾਮਲ ਅਤੇ ਇਕ ਵੇਸਵਾ ਗਨਿਕਾ ਦੀ ਉਦਾਹਰਣ ਦਿੰਦੇ ਹਨ।

ਅਜਾਮਲ, ਜਿਸ ਦੀ ਬਾਬਤ ਜ਼ਿਕਰ ਆਉਂਦਾ ਹੈ ਕਿ ਉਹ ਕਨੌਜ ਦੇਸ਼ ਦਾ ਇਕ ਦੁਰਾਚਾਰੀ ਬ੍ਰਾਹਮਣ ਸੀ, ਜੋ ਵੇਸਵਾਵਾਂ ਦੇ ਘਰਾਂ ਵਿੱਚ ਜਾਂਦਾ ਸੀ ਅਤੇ ਇਕ ਵੇਸਵਾ ਨਾਲ ਵਿਆਹ ਕਰ ਲਿਆ ਸੀ, ਜਿਸ ਦੀ ਕੁੱਖੋਂ ਦਸ ਪੁੱਤਰ ਹੋਏ। ਪਿਛਲੇ ਛੋਟੇ ਪੁੱਤਰ ਦਾ ਨਾਉਂ ਨਾਰਾਇਣ ਹੋਣ ਕਰਕੇ ਉਸ ਨੂੰ ਨਾਰਾਇਣ ੨ ਕਹਿ ਕੇ ਪੁਕਾਰਦਾ ਸੀ। ਇਸ ਨਾਮ ਕਰਕੇ ਹੀ ਉਸ ਦੀ ਪ੍ਰੀਤ ਨਾਰਾਇਣ-ਪ੍ਰਭੂ ਨਾਲ ਪੈ ਗਈ ਤੇ ਇਸੇ ਕਾਰਨ ਅਜਾਮਲ ਮੁਕਤੀ ਪ੍ਰਾਪਤ ਕਰ ਗਿਆ। ਇਸ ਦੀ ਭਾਗਵਤ ਵਿੱਚ ਕਥਾ ਹੈ। ਇਸ ਦਾ ਦ੍ਰਿਸ਼ਟਾਂਤ ਦੇ ਕੇ ਗੁਰੂ ਸਾਹਿਬ ਵਿਕਾਰੀ ਪੁਰਸ਼ ਨੂੰ ਚੰਗੇਰੇ ਰਸਤੇ ਚਲਣ ਲਈ ਪ੍ਰੇਰਨਾ ਦਿੰਦੇ ਹਨ। ਉਨ੍ਹਾਂ ਨੇ ਅਜਾਮਲ ਦਾ ਪ੍ਰਮਾਣ ਚਾਰ ਸ਼ਬਦਾਂ ਵਿੱਚ ਦਿੱਤਾ ਹੈ।

**ਸੋਰਠਿ ਮਹਲਾ ੯॥**

੧. ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ॥
ਨਾਨਕ ਕਹਤ ਚੇਤ ਚਿੰਤਾਮਨਿ ਤੈ ਭੀ ਉਤਰਹਿ ਪਾਰਾ॥

(ਪੰਨਾ-੬੩੨)

**ਬਿਲਾਵਲੁ ਮਹਲਾ ੯॥**

੨. ਦੁਖ ਹਰਤਾ ਹਰਿ ਨਾਮੁ ਪਛਾਨੋ॥
ਅਜਾਮਲੁ ਗਨਿਕਾ ਜਿਹ ਸਿਮਰਤ ਮੁਕਤ ਭਏ ਜੀਅ ਜਾਨੋ॥

(ਪੰਨਾ-੮੩੦)

ਰਾਮਕਲੀ ਮਹਲਾ ੯ ।।

੩. ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ ।।

ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ ।।

(ਪੰਨਾ-੯੦੨)

ਮਾਰੂ ਮਹਲਾ ੯ ।।

੪. ਹਰਿ ਕੋ ਨਾਮੁ ਸਦਾ ਸੁਖਦਾਈ ।।

ਜਾ ਕਉ ਸਿਮਰਿ ਅਜਾਮਲੁ ਉਧਰਿਓ ਗਨਿਕਾ ਹੂ ਗਤਿ ਪਾਈ ।।

(ਪੰਨਾ-੧੦੦੮)

ਦੂਸਰੀ ਉਦਾਹਰਣ ਵਿਚ ਇਸਤਰੀ ਪੁਰਸ਼ ਨੂੰ ਚੰਗੇਰੇ ਪਾਸੇ ਚਲਣ ਲਈ ਉਤੇਜਤ ਕੀਤਾ ਹੈ। ਗਨਿਕਾ ਦਾ ਪ੍ਰਸੰਗ ਇਸ ਤਰ੍ਹਾਂ ਆਉਂਦਾ ਹੈ ਕਿ ਗਨਿਕਾ ਇਕ ਵੇਸਵਾ ਸੀ, ਜਿਸ ਨੂੰ ਇਕ ਸੰਤ ਨੇ ਤੋਤਾ ਦਿੱਤਾ, ਜਿਸ ਨੂੰ ਹਰਿਨਾਮ ਸਿਖਾਉਣ ਲਈ ਕਿਹਾ ਸੀ। ਹਰਿਨਾਮ ਸਿਖਾਉਂਦਿਆਂ ਨਾਮ-ਅਭਿਆਸ ਵਿੱਚ ਲੱਗ ਕੇ ਉਹ ਵੀ ਪਵਿੱਤਰ ਆਤਮਾ ਹੋ ਗਈ ਤੇ ਨਾਮ ਸਿਮਰਨ ਰਾਹੀਂ ਆਪਣੇ ਵਿਕਾਰਾਂ ਦੀ ਮੈਲ ਨੂੰ ਧੋ ਲਿਆ। ਗੁਰੂ ਸਾਹਿਬ ਨੇ ਇਸ ਦੇ ਪ੍ਰਮਾਣ ਆਪਣੀ ਬਾਣੀ 'ਚ ਤਿੰਨ ਸ਼ਬਦਾਂ ਵਿੱਚ ਦਿੱਤੇ ਹਨ:

ਸੋਰਠਿ ਮਹਲਾ ੯ ।।

੧. ਮਨ ਰੇ ਪ੍ਰਭ ਕੀ ਸਰਨਿ ਬਿਚਾਰੋ ।।

ਜਿਹ ਸਿਮਰਤ ਗਨਕਾ ਸੀ ਉਧਰੀ ਤਾ ਕੋ ਜਸੁ ਉਰ ਧਾਰੋ ।।

(ਪੰਨਾ-੬੩੨)

ਬਿਲਾਵਲੁ ਮਹਲਾ ੯ ।।

੨. ਦੁਖ ਹਰਤਾ ਹਰਿ ਨਾਮੁ ਪਛਾਨੋ ।।

ਅਜਾਮਲੁ ਗਨਿਕਾ ਜਿਹ ਸਿਮਰਤ ਮੁਕਤ ਭਏ ਜੀਅ ਜਾਨੋ ।।

(ਪੰਨਾ-੮੩੦)

ਮਾਰੂ ਮਹਲਾ ੯ ।।

੩. ਹਰਿ ਕੋ ਨਾਮੁ ਸਦਾ ਸੁਖਦਾਈ ।।

ਜਾ ਕਉ ਸਿਮਰਿ ਅਜਾਮਲੁ ਉਧਰਿਓ ਗਨਿਕਾ ਹੂ ਗਤਿ ਪਾਈ ॥

(ਪੰਨਾ-੧੦੦੮)

ਜੇਕਰ ਕੋਈ ਇਸਤਰੀ-ਪੁਰਸ਼ ਅਨਪੜ੍ਹ ਹੋਵੇ, ਕੋਈ ਧਾਰਮਿਕ ਪੁਸਤਕ ਨਾ ਪੜ੍ਹ ਸਕਦਾ ਹੋਵੇ, ਨਾ ਕਿਸੇ ਪੁਸਤਕ ਰਾਹੀਂ ਬਾਣੀ ਦਾ ਪਾਠ ਜਾਂ ਵਿਚਾਰ ਕਰ ਸਕਦਾ ਹੋਵੇ ਤਾਂ ਉਹ ਸੁਭਾਵਕ ਹੀ ਆਪਣੇ ਅੰਦਰ ਇਕ ਘਾਟ ਤੇ ਹੀਣਤਾ ਮਹਿਸੂਸ ਕਰਦਾ ਹੈ। ਜਦ ਉਸ ਦੇ ਅੰਦਰ ਧਰਮੀ ਬੰਦਾ ਬਣਨ ਦਾ ਚਾਉ ਉਪਜਦਾ ਹੈ, ਤਾਂ ਉਹ ਇਸ ਘਾਟ ਨੂੰ ਹੋਰ ਵੀ ਵਧੇਰੇ ਪ੍ਰਤੀਤ ਕਰਦਾ ਹੈ। ਉਸ ਦੇ ਮਨ ਦੀ ਦਸ਼ਾ ਨਿਰਾਸ਼ਤਾ ਵਿੱਚ ਚਲੀ ਜਾਂਦੀ ਹੈ। ਪਰ ਗੁਰੂ ਸਾਹਿਬ ਅਜਿਹੇ ਪੁਰਸ਼ ਨੂੰ ਵੀ ਆਸ਼ਾਵਾਦੀ ਬਣਾਉਣ ਲਈ ਉਤਸ਼ਾਹ ਦਿੰਦੇ ਹਨ ਅਤੇ ਜੀਵਨ ਵਿੱਚ ਸਫਲਤਾ ਪ੍ਰਾਪਤੀ ਦਾ ਰਾਹ ਦਰਸਾਉਂਦੇ ਹਨ। ਗੁਰੂ ਸਾਹਿਬ ਆਪਣੀ ਵਿਚਾਰ ਦੀ ਪੁਸ਼ਟੀ ਵਿੱਚ ਗਜ (ਹਾਥੀ) ਦਾ ਸੰਕੇਤ ਦਿੰਦੇ ਹਨ। ਮਨੁੱਖੀ-ਮਨ ਨੂੰ ਸੰਬੋਧਨ ਕਰਕੇ ਆਪਣੀ ਰਚਨਾ ਵਿੱਚ ਫ਼ਰਮਾਂਦੇ ਹਨ ਕਿ ਗਜ (ਹਾਥੀ) ਵਿਚ ਨਾ ਕੋਈ ਗੁਣ ਸੀ, ਨਾ ਹੀ ਕੋਈ ਵਿਦਿਆ* ਪ੍ਰਾਪਤ ਕੀਤੀ ਸੀ। ਉਸ ਨੇ ਧਰਮ ਵੀ ਕਿਹੜਾ ਕਮਾਉਣਾ ਸੀ? ਪਰ ਵਾਹਿਗੁਰੂ ਦਾ ਪਤਿਤ ਪਾਵਨ ਕਰਤਵ ਵੇਖੋ ਜਿਸ ਨੇ ਹਾਥੀ ਨੂੰ ਨਿਰਭੈਤਾ ਦੀ ਦਾਤ ਬਖ਼ਸ਼ ਦਿੱਤੀ।

**ਰਾਮਕਲੀ ਮਹਲਾ ੯ ॥**

੧. ਨਾਹਿਨ ਗੁਨੁ ਨਾਹਿਨ ਕਛੁ ਬਿਦਿਆ* ਧਰਮੁ ਕਉਨੁ ਗਜਿ ਕੀਨਾ ॥
ਨਾਨਕ ਬਿਰਦੁ ਰਾਮ ਕਾ ਦੇਖਹੁ ਅਭੈ ਦਾਨੁ ਤਿਹ ਦੀਨਾ ॥

(ਪੰਨਾ-੯੦੨)

**ਗਉੜੀ ਮਹਲਾ ੯ ॥**

੨. ਪਤਿਤ ਪੁਨੀਤ ਦੀਨ ਬੰਧ ਹਰਿ ਸਰਨਿ ਤਾਹਿ ਤੁਮ ਆਵਉ ॥
ਗਜ ਕੋ ਤ੍ਰਾਸੁ ਮਿਟਿਓ ਜਿਹ ਸਿਮਰਤ ਤੁਮ ਕਾਹੇ ਬਿਸਰਾਵਉ ॥

(ਪੰਨਾ-੨੧੯)

---

*ਜੋ ਪ੍ਰਾਣੀ ਗੋਵਿੰਦੁ ਧਿਆਵੈ ॥ ਪੜਿਆ ਅਣਪੜਿਆ ਪਰਮ ਗਤਿ ਪਾਵੈ ॥

(ਗਉੜੀ ਮਹਲਾ ੫, ਪੰਨਾ-੧੯੭)

ਸੋਰਠਿ ਮਹਲਾ ੯॥

੩. ਜਬ ਹੀ ਸਰਨਿ ਗਹੀ ਕਿਰਪਾ ਨਿਧਿ ਗਜ ਗਰਾਹ ਤੇ ਛੂਟਾ॥
ਮਹਮਾ ਨਾਮ ਕਹਾ ਲਉ ਬਰਨਉ ਰਾਮ ਕਹਤ ਬੰਧਨ ਤਿਹ ਤੂਟਾ॥ ੨॥

(ਪੰਨਾ-੬੩੨)

ਭਾਵ: ਜਦੋਂ ਗਜ ਹਾਥੀ ਨੇ ਕਿਰਪਾ ਦੇ ਸਮੁੰਦਰ-ਵਾਹਿਗੁਰੂ ਦੀ ਸਰਨ ਅਥਵਾ ਓਟ ਫੜੀ ਸੀ, ਉਹ ਵੀ ਤੰਦੂਏ ਦੀ ਫਾਹੀ ਤੋਂ ਛੁੱਟ ਗਿਆ। ਨਾਮ ਦੀ ਮਹਿਮਾ ਮੈਂ ਕਿਥੋਂ ਤਕ ਵਰਣਨ ਕਰਾਂ? ਜਿਸ ਨੇ ਵਾਹਿਗੁਰੂ ਕਿਹਾ ਹੈ, ਉਸ ਦੇ ਬੰਧਨ ਟੁੱਟ ਗਏ ਹਨ।

ਭਾਗਵਤ ਵਿੱਚ ਵਰਣਨ ਕੀਤੀ ਕਥਾ ਅਨੁਸਾਰ ਇਸ ਪ੍ਰਕਾਰ ਜ਼ਿਕਰ ਆਉਂਦਾ ਹੈ ਇਕ ਗੰਧਰਵ ਜੋ ਦੇਵਲ ਰਿਖੀ ਦੇ ਸਰਾਪ ਨਾਲ ਹਾਥੀ ਬਣ ਗਿਆ। ਉਸ ਨੂੰ ਵਰੁਣ ਦੇ ਤਲਾ ਵਿੱਚ ਤੰਦੂਏ ਨੇ ਗ੍ਰਸ ਲਿਆ, ਜਦ ਨਿਰਬਲ ਹੋ ਕੇ ਡੁੱਬਣ ਲੱਗਾ, ਤਦ ਪਰਮੇਸ਼ਰ ਅੱਗੇ ਅਰਦਾਸ ਕੀਤੀ, ਜਿਸ ਪੁਰ ਗਜ ਦੇ ਬੰਧਨ ਕੱਟੇ ਗਏ।

ਬਿਲਾਵਲੁ ਮਹਲਾ ੯॥

੧. ਗਜ ਕੀ ਤ੍ਰਾਸ ਮਿਟੀ ਛਿਨਹੂ ਮਹਿ ਜਬ ਹੀ ਰਾਮੁ ਬਖਾਨੋ॥
ਨਾਰਦ ਕਹਤ ਸੁਨਤ ਧ੍ਰੂਅ ਬਾਰਿਕ ਭਜਨ ਮਾਹਿ ਲਪਟਾਨੋ॥

(ਪੰਨਾ-੮੩੦)

ਸਲੋਕ॥

੨. ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ॥
ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ॥ ੫੩॥

(ਪੰਨਾ-੧੪੨੯)

## ਮੁਕਤੀ ਦਾ ਸੰਕਲਪ

ਅਧਿਆਤਮਕ ਖੇਤਰ ਵਿੱਚ ਮੁਕਤੀ ਦਾ ਸ਼ਬਦ ਸਭ ਧਰਮਾਂ ਵਿੱਚ ਆਮ ਪ੍ਰਚੱਲਤ ਹੈ। ਗੁਰੂ ਸਾਹਿਬ ਦੀ ਰਚਨਾ ਵਿਚੋਂ ਇਸ ਦੇ ਸੰਕਲਪ ਦੀ ਰੂਪ ਰੇਖਾ ਜੋ ਪ੍ਰਤੱਖ ਪ੍ਰਗਟ ਹੁੰਦੀ ਹੈ, ਉਹ ਹੇਠ ਲਿਖੇ ਸ਼ਬਦਾਂ ਵਿੱਚ ਭਲੀ ਪ੍ਰਕਾਰ ਮਿਲਦੀ ਹੈ।

### ਗਉੜੀ ਮਹਲਾ ੯ ॥

੧. ਸਾਧੋ ਰਾਮ ਸਰਨਿ ਬਿਸਰਾਮਾ ॥

ਬੇਦ ਪੁਰਾਨ ਪੜੇ ਕੋ ਇਹ ਗੁਨ ਸਿਮਰੇ ਹਰਿ ਕੋ ਨਾਮਾ ॥ ੧ ॥ ਰਹਾਉ ॥

ਲੋਭ ਮੋਹ ਮਾਇਆ ਮਮਤਾ ਫੁਨਿ ਅਉ ਬਿਖਿਅਨ ਕੀ ਸੇਵਾ ॥

ਹਰਖ ਸੋਗ ਪਰਸੈ ਜਿਹ ਨਾਹਨਿ ਸੋ ਮੂਰਤਿ ਹੈ ਦੇਵਾ ॥ ੧ ॥

ਸੁਰਗ ਨਰਕ ਅੰਮ੍ਰਿਤ ਬਿਖੁ ਏ ਸਭ ਤਿਉ ਕੰਚਨ ਅਰੁ ਪੈਸਾ ॥

ਉਸਤਤਿ ਨਿੰਦਾ ਏ ਸਮ ਜਾ ਕੈ ਲੋਭੁ ਮੋਹੁ ਫੁਨਿ ਤੈਸਾ ॥ ੨ ॥

ਦੁਖੁ ਸੁਖੁ ਏ ਬਾਧੇ ਜਿਹ ਨਾਹਨਿ ਤਿਹ ਤੁਮ ਜਾਨਉ ਗਿਆਨੀ ॥

ਨਾਨਕ ਮੁਕਤਿ ਤਾਹਿ ਤੁਮ ਮਾਨਉ ਇਹ ਬਿਧਿ ਕੋ ਜੋ ਪ੍ਰਾਨੀ ॥ ੩ ॥

(ਪੰਨਾ-੨੨੦)

### ਸਲੋਕ ॥

੨. ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ ॥

ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥ ੧੪ ॥

(ਪੰਨਾ-੧੪੨੬)

### ਸਲੋਕ ॥

੩. ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ ॥

ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥ ੧੫ ॥

(ਪੰਨਾ-੧੪੨੭)

### ਸਲੋਕ ॥

੪. ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ ॥

ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ ॥ ੧੯ ॥

(ਪੰਨਾ-੧੪੨੭)

ਮੁਕਤੀ ਪ੍ਰਾਪਤੀ ਦਾ ਰਸਤਾ ਜਾਂ ਵਿਧੀ ਵੀ ਉਨ੍ਹਾਂ ਦੀ ਬਾਣੀ ਵਿੱਚ ਹੀ ਮਿਲਦੀ ਹੈ:

### ਗਉੜੀ ਮਹਲਾ ੯ ॥

ਸਾਧੋ ਗੋਬਿੰਦ ਕੇ ਗੁਨ ਗਾਵਉ ॥
ਮਾਨਸ ਜਨਮੁ ਅਮੋਲਕੁ ਪਾਇਓ ਬਿਰਥਾ ਕਾਹਿ ਗਵਾਵਉ ॥ ੧ ॥ ਰਹਾਉ ॥
ਪਤਿਤ ਪੁਨੀਤ ਦੀਨ ਬੰਧ ਹਰਿ ਸਰਨਿ ਤਾਹਿ ਤੁਮ ਆਵਉ ॥
ਗਜ ਕੋ ਤ੍ਰਾਸੁ ਮਿਟਿਓ ਜਿਹ ਸਿਮਰਤ ਤੁਮ ਕਾਹੇ ਬਿਸਰਾਵਉ ॥ ੧ ॥
ਤਜਿ ਅਭਿਮਾਨ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ ॥
ਨਾਨਕ ਕਹਤ ਮੁਕਤਿ ਪੰਥ ਇਹੁ ਗੁਰਮੁਖਿ ਹੋਇ ਤੁਮ ਪਾਵਉ ॥ ੨ ॥

(ਪੰਨਾ-੨੧੯)

### ਬਿਲਾਵਲੁ ਮਹਲਾ ੯ ॥

ਕਲ ਮੈ ਮੁਕਤਿ ਨਾਮ ਤੇ ਪਾਵਤ ਗੁਰੁ ਯਹ ਭੇਦੁ ਬਤਾਵੈ ॥
ਕਹੁ ਨਾਨਕ ਸੋਈ ਨਰੁ ਗੁਰੂਆ ਜੋ ਪ੍ਰਭ ਕੇ ਗੁਨ ਗਾਵੈ ॥

(ਪੰਨਾ-੮੩੧)

ਜਿਥੇ ਗੁਰੂ ਸਾਹਿਬ ਦੀ ਰਚਨਾ ਵਿਚੋਂ ਕਈ ਭੇਦਾਂ ਤੇ ਸਿਧਾਂਤਾਂ ਦੇ ਸਪਸਟੀਕਰਨ ਲਭਦੇ ਹਨ, ਉਥੇ ਅਕਾਲ ਪੁਰਖ ਵਿੱਚ ਅਭੇਦਤਾ ਦੇ ਲੱਛਣਾਂ ਦੀ ਸਪੱਸਟਤਾ ਮਿਲਦੀ ਹੈ:

### ਸੋਰਠਿ ਮਹਲਾ ੯ ॥

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥ ੧ ॥ ਰਹਾਉ ॥
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥ ੧ ॥
ਆਸਾ ਮਨਸਾ ਸਗਲ ਤਿਆਗੀ ਜਗ ਤੇ ਰਹੈ ਨਿਰਾਸਾ ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ॥ ੨ ॥
ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥ ੩ ॥

(ਪੰਨਾ-੬੩੩)

ਸਲੋਕ ॥

ਜਿਹ ਘਟਿ ਸਿਮਰਨੁ ਰਾਮ ਕੋ ਸੋ ਨਰੁ ਮੁਕਤਾ ਜਾਨੁ ॥
ਤਿਹਿ ਨਰ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥ ੪੩ ॥

(ਪੰਨਾ-੧੪੨੮)

## ਗ੍ਰਿਹਸਤੀ-ਜੀਵਨ

ਭਾਰਤ ਦੇ ਕੁਝ ਧਰਮਾਂ, ਜੋਗ ਮੱਤ ਅਤੇ ਸੰਨਿਆਸ ਆਦਿ ਦੀ ਵਿਚਾਰਧਾਰਾ ਅਨੁਸਾਰ ਗ੍ਰਿਹਸਤ ਵਿੱਚ ਰਹਿੰਦਿਆਂ ਮੁਕਤੀ ਦੀ ਪ੍ਰਾਪਤੀ ਜਾਂ ਪ੍ਰਮੇਸ਼ਰ ਵਿੱਚ ਅਭੇਦਤਾ ਨੂੰ ਅਸੰਭਵ ਹੀ ਖਿਆਲ ਕੀਤਾ ਜਾਂਦਾ ਸੀ। ਉਨ੍ਹਾਂ ਦੇ ਪ੍ਰਚਾਰ ਅਨੁਸਾਰ ਗ੍ਰਿਹਸਤ ਇਕ ਜੰਜਾਲ ਹੈ। ਗ੍ਰਿਹਸਥੀ-ਜੀਵਨ ਮਨੁੱਖਤਾ ਦੀ ਪੂਰਨਤਾ ਤੱਕ ਪੁੱਜਣ ਲਈ ਇਕ ਭਾਰੀ ਰੁਕਾਵਟ ਹੀ ਸਮਝੀ ਜਾਂਦੀ ਸੀ। ਉਸ ਦੇ ਫਲ ਸਰੂਪ ਧਾਰਮਕ ਰੁਚੀ ਰੱਖਣ ਵਾਲੇ ਪੁਰਸ਼ ਘਰ-ਬਾਰ ਤਿਆਗ ਕੇ ਜੰਗਲਾਂ ਵਿੱਚ ਜਾ ਡੇਰੇ ਲਾਉਂਦੇ ਸਨ। ਸ੍ਰੀ ਗੁਰੂ ਤੇਗ ਬਹਾਦਰ ਜੀ ਉਸ ਵਿਚਾਰਧਾਰਾ ਦਾ ਖੰਡਣ ਕਰਦੇ ਹੋਏ ਗੁਰਮਤਿ ਦੀ ਵਿਚਾਰਧਾਰਾ ਦਾ ਧਨਾਸਰੀ ਰਾਗ ਦੇ ਪਹਿਲੇ ਸ਼ਬਦ ਵਿੱਚ ਅਰਥ ਨਿਰੂਪਣ ਕਰਦੇ ਹਨ:

ਹੇ ਭਾਈ! ਜੰਗਲਾਂ ਵਿੱਚ ਵਾਹਿਗੁਰੂ ਨੂੰ ਕਿਉਂ ਭਾਲਣ ਜਾਂਦਾ ਹੈ ? ਉਹ ਤਾਂ ਸਾਰਿਆਂ ਵਿੱਚ ਹੀ ਵਸਦਾ ਹੈ ਅਤੇ ਸਦਾ ਅਲੇਪ ਹੀ ਰਹਿੰਦਾ ਹੈ। ਉਹ ਤਾਂ ਤੇਰੇ ਨਾਲ ਹੀ ਵੱਸਦਾ ਹੈ।

ਹੇ ਭਾਈ ! ਜਿਵੇਂ ਫੁੱਲ ਵਿੱਚ ਵਾਸ਼ਨਾ ਵਸਦੀ ਹੈ ਅਤੇ ਜਿਵੇਂ ਸ਼ੀਸ਼ੇ ਵਿੱਚ ਅਕਸ ਵਸਦਾ ਹੈ, ਉਸੇ ਤਰ੍ਹਾਂ ਹੀ ਵਾਹਿਗੁਰੂ ਤੇਰੇ ਅੰਦਰ ਇਕ-ਰਸ ਵਸਦਾ ਹੈ। ਇਸ ਵਾਸਤੇ ਉਸ ਨੂੰ ਆਪਣੇ ਹਿਰਦੇ ਵਿੱਚ ਹੀ ਢੂੰਡ। ਹੇ ਭਾਈ! ਗੁਰੂ ਨੇ ਇਹੀ ਗਿਆਨ ਦੀ ਗੱਲ ਦੱਸੀ ਹੈ ਕਿ ਆਪਣੇ ਅੰਦਰ-ਬਾਹਰ ਇਕ ਹੀ ਵਾਹਿਗੁਰੂ ਨੂੰ ਵਸਦਾ ਸਮਝੋ। ਗੁਰੂ ਜੀ ਫੁਰਮਾਉਂਦੇ ਹਨ ਕਿ ਆਪਣਾ ਆਪ ਪਰਖਣ ਤੋਂ ਬਿਨਾਂ ਮਨ ਦੀ ਮੈਲ ਦੂਰ ਨਹੀਂ ਹੋ ਸਕਦੀ।

ਧਨਾਸਰੀ ਮਹਲਾ ੯ ॥

ਕਾਹੇ ਰੇ ਬਨ ਖੋਜਨ ਜਾਈ ॥

ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥ ੧ ॥ ਰਹਾਉ॥

ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥

ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥ ੧ ॥

ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥

ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥ ੨ ॥

(ਪੰਨਾ-੬੮੪)

## ਮਨੁੱਖੀ-ਜੀਵਨ ਦੀ ਸਾਰਥਕਤਾ

ਗੁਰੂ ਜੀ ਨੇ ਆਪਣੀ ਬਾਣੀ ਦੁਆਰਾ ਦਰਸਾਇਆ ਹੈ ਕਿ ਮਨੁੱਖਾ-ਦੇਹ ਦੁਰਲਭ ਹੈ । ਇਹ ਮਾਨਸ ਜਨਮ ਸਰਬੋਤਮ ਹੈ। ਇਸ ਦੀ ਪ੍ਰਾਪਤੀ ਵੱਡੇ ਭਾਗਾਂ ਕਰਕੇ ਵਾਹਿਗੁਰੂ ਦੀ ਅਪਾਰ ਕਿਰਪਾ ਰਾਹੀਂ ਹੁੰਦੀ ਹੈ। ਇਸੇ ਜੀਵਨ ਵਿੱਚ ਇਹ ਅਵਸਰ ਪ੍ਰਾਪਤ ਹੁੰਦਾ ਹੈ ਕਿ ਮਨੁੱਖ ਪੂਰਨਤਾ ਨੂੰ ਪ੍ਰਾਪਤ ਕਰ ਕੇ ਉਸ ਅਕਾਲ ਪੁਰਖ ਵਾਹਿਗੁਰੂ ਵਿੱਚ ਅਭੇਦ ਹੋ ਸਕੇ। ਸਮੂਹ ਸੰਸਾਰਕ ਦੁੱਖਾਂ ਕਲੇਸ਼ਾਂ ਤੋਂ ਉੱਚਾ ਉੱਠ ਕੇ ਪਰਮਪਦ, ਨਿਰਭੈਤਾ ਅਤੇ ਸਦੀਵੀ ਅਨੰਦ ਦੇ ਜੀਵਨ ਦਾ ਅਧਿਕਾਰੀ ਬਣ ਜਾਵੇ। ਇਸ ਵਿਸ਼ੇ ਸੰਬੰਧੀ ਗੁਰੂ ਸਾਹਿਬ ਨੇ ਆਪਣੀ ਬਾਣੀ ਵਿੱਚ ਵਧੇਰੇ ਜ਼ੋਰ ਦਿੱਤਾ ਹੈ। ਉਨ੍ਹਾਂ ਦੀ ਸਮੁੱਚੀ ਬਾਣੀ 'ਚੋਂ ੩੦ ਸ਼ਬਦਾਂ ਵਿੱਚ ਇਸੇ ਦ੍ਰਿਸ਼ਟੀਕੋਣ ਨੂੰ ਪ੍ਰਚਾਰਿਆ ਗਿਆ ਹੈ। ਕਿਸੇ ਸੁੱਤੇ ਪੁਰਸ਼ ਨੂੰ ਜੋ ਗਫ਼ਲਤ ਦੀ ਨੀਂਦ ਸੁੱਤਾ ਪਿਆ ਹੋਵੇ। ਜਿਸ ਨੇ ਅੱਗੇ ਕਾਫ਼ੀ ਪੈਂਡਾ ਤੁਰਨਾ ਹੈ। ਜਗਾਉਣ ਲਈ ਉਪਰਾਲਾ ਕੀਤਾ ਗਿਆ ਹੈ ਤਾਂ ਕਿ ਸੁੱਤਾ ਹੀ ਨਾ ਪਿਆ ਰਹੇ। ਉਸ ਨੂੰ ਆਪਣੇ ਟਿਕਾਣੇ ਪਹੁੰਚਣ ਵਿੱਚ ਜੋ ਕਠਨਾਈਆਂ ਪੇਸ਼ ਆਉਣਗੀਆਂ, ਉਨ੍ਹਾਂ ਬਾਰੇ ਪਹਿਲਾਂ ਹੀ ਸੁਚੇਤ ਕੀਤਾ ਹੈ। ਜੇ ਕਰ ਉਹ ਫਿਰ ਵੀ ਨਹੀਂ ਸਮਝਦਾ ਤਾਂ ਅੰਤਮ ਸਮੇਂ ਪਛਤਾਵੇ ਨਾਲ ਕੀ ਹੋ ਸਕਦਾ ਹੈ? ਜਦ ਪੈਂਡਾ ਮੁਕਾਣ ਦਾ ਵੇਲਾ ਭਾਵ ਜੀਵਨ ਦੇ ਅਸਲ ਮਨੋਰਥ ਦੀ ਪ੍ਰਾਪਤੀ ਦਾ ਸੁਚੱਜਾ ਸਮਾਂ ਹੀ ਬੀਤ ਜਾਵੇ, ਫੇਰ ਤਾਂ ਬਾਜ਼ੀ ਹਾਰ ਗਿਆ ਹੀ ਸਮਝੋ।

ਕਿਸੇ ਮਨੁੱਖ ਦੇ ਜੀਵਨ ਦੀ ਕਦਰ ਕੀਮਤ ਇਸ ਸਚਾਈ ਉੱਤੇ ਅਧਾਰਤ ਹੈ ਕਿ ਉਹ ਆਪਣੇ ਜੀਵਨ ਸਮੇਂ ਨੂੰ ਕਿਹੜੇ ਅਸੂਲਾਂ ਅੰਦਰ ਰਹਿ ਕੇ, ਕਿਹੜੇ ਕਾਰਜਾਂ ਦੇ ਕਰਨ ਵਿੱਚ ਬਤੀਤ ਕਰ ਰਿਹਾ ਹੈ, ਜਾਂ ਆਪਣੇ ਸਮੇਂ ਨੂੰ ਅਕਾਰਥ ਹੀ ਖੋ ਰਿਹਾ

ਹੈ। ਗੁਰੂ ਜੀ ਨੇ ਬਾਰ-ਬਾਰ ਪੁਕਾਰ ਕੇ ਇਸ ਬਾਰੇ ਵਧੇਰੇ ਜ਼ੋਰ ਨਾਲ ਮਨੁੱਖ ਨੂੰ ਸੁਚੇਤ ਕੀਤਾ ਹੈ। ਜੀਵਨ ਦਾ ਸਮਾਂ ਸੀਮਿਤ ਹੁੰਦਾ ਹੈ। ਇਸ ਲਈ ਇਸ ਦੇ ਅੰਤ ਹੋਣ ਦਾ ਨਿਸ਼ਚਾ ਕਰਵਾ ਕੇ ਬੇ-ਅੰਤ ਨਾਲ ਜੁੜਨ ਲਈ ਉਤਸ਼ਾਹਤ ਕੀਤਾ ਹੈ। ਆਪਣੇ ਅੰਤ ਨੂੰ ਯਾਦ ਤੇ ਧਿਆਨ ਵਿੱਚ ਰੱਖ ਕੇ ਹੀ ਅਨੰਤ ਨਾਲ ਜੁੜਨ ਦੀ ਤੀਬਰ ਅਭਿਲਾਸ਼ਾ ਪੈਦਾ ਹੁੰਦੀ ਹੈ।

## ਸੰਸਾਰਕ ਪਦਾਰਥਾਂ, ਰਿਸ਼ਤਿਆਂ ਦੀ ਨਾਸ਼ਮਾਨਤਾ, ਅਸਥਿਰਤਾ ਅਤੇ ਮੌਤ ਦੀ ਅਟੱਲਤਾ

ਗੁਰਮਤਿ ਵਿੱਚ ਗ੍ਰਿਹਸਤ ਪ੍ਰਧਾਨ ਹੈ ਪਰ ਪ੍ਰਾਣੀ ਨੂੰ ਸੰਸਾਰਕ ਪਦਾਰਥਾਂ ਅਤੇ ਸੰਸਾਰੀ-ਰਿਸ਼ਤਿਆਂ ਦੇ ਮੋਹ-ਜਾਲ ਵਿੱਚ ਫਸ ਕੇ ਖਚਿਤ ਹੋਣ ਤੋਂ ਬਚਾਇਆ ਹੈ। ਮਾਇਆ ਦੇ ਪਸਾਰੇ ਅਤੇ ਸੰਸਾਰ-ਸਮੁੰਦਰ ਵਿੱਚ ਕਮਲ ਫੁੱਲ ਵਾਂਗ ਨਿਰਲੇਪ ਰਹਿਣ ਦੀ ਜਾਚ ਦੱਸੀ ਗਈ ਹੈ। ਸੰਸਾਰ ਦੇ ਇਨ੍ਹਾਂ ਪਦਾਰਥਾਂ ਜਾਂ ਰਿਸ਼ਤਿਆਂ ਦਾ ਤਿਆਗ ਨਹੀਂ ਸਿਖਾਇਆ ਗਿਆ। ਕੇਵਲ ਇਹ ਨਿਸ਼ਚੇ ਕਰਾਇਆ ਗਿਆ ਹੈ ਕਿ ਇਹ ਜ਼ਿੰਦਗੀ ਜਿਊਣ ਦੇ ਵਸੀਲੇ ਹਨ, ਜੀਵਨ ਦਾ ਮਨੋਰਥ ਨਹੀਂ। ਸੰਸਾਰ ਅੰਦਰ ਹਰ ਵਸਤੂ ਪਰਿਵਰਤਨਸ਼ੀਲ ਹੈ। ਅੱਜ ਬਚਪਨ ਹੈ, ਤਾਂ ਮਗਰੋਂ ਜਵਾਨੀ ਜ਼ਰੂਰੀ ਹੈ। ਫਿਰ ਬੁਢਾਪੇ ਨੇ ਵੀ ਜ਼ਰੂਰ ਆਉਣਾ ਹੀ ਹੋਇਆ। ਬੁਢਾਪੇ ਦਾ ਅੰਤ ਤਾਂ ਜੀਵਨ ਦਾ ਹੀ ਅੰਤ ਹੁੰਦਾ ਹੈ ਜੋ ਅਵੱਸ਼ ਹੋਣਾ ਹੈ ਤੇ ਹੋ ਕੇ ਰਹਿੰਦਾ ਹੈ। ਇਸ ਪਰਿਵਰਤਨ-ਸ਼ੀਲਤਾ ਦੀ ਕਿਰਿਆ ਨੂੰ ਕੋਈ ਸ਼ਕਤੀ ਰੋਕ ਨਹੀਂ ਸਕਦੀ, ਇਸ ਸਚਾਈ ਨੂੰ ਦ੍ਰਿੜ੍ਹ ਕਰਵਾਉਣ ਲਈ ਗੁਰੂ ਸਾਹਿਬ ਨੇ ਕਾਫ਼ੀ ਸ਼ਬਦਾਂ ਤੇ ਸਲੋਕਾਂ ਦੀ ਰਚਨਾ ਕੀਤੀ ਹੈ।

ਮੌਤ ਨੂੰ ਨਿਸ਼ਚੇ ਨਾਲ ਚੇਤੇ ਰੱਖਣ ਕਰ ਕੇ ਪ੍ਰਾਣੀ ਬਹੁਤ ਬੁਰਾਈਆਂ ਤੋਂ ਬਚਿਆ ਰਹਿ ਸਕਦਾ। ਇਸ ਦੀ ਸਪੱਸ਼ਟਤਾ ਲਈ ਸੁਪਨੇ, ਤਮਾਸ਼ੇ ਅਤੇ ਬੱਦਲਾਂ ਦੀ ਛਾਂ ਆਦਿ ਦੇ ਪ੍ਰਤੀਕ ਵਰਤੇ ਗਏ ਹਨ। ਸੁਪਨੇ ਵਿੱਚ ਜੋ ਪ੍ਰਾਪਤੀ ਹੁੰਦੀ ਹੈ, ਅੱਖ ਖੁੱਲ੍ਹਣ 'ਤੇ ਸਭ ਕੁਝ ਨਸ਼ਟ ਹੋ ਜਾਂਦਾ ਹੈ। ਇਸੇ ਤਰ੍ਹਾਂ ਜੀਵਨ ਵਿੱਚ ਧਨ, ਸੰਪਤੀ ਜਾਂ ਕੋਈ ਹੋਰ ਵਸਤੂਆਂ ਦੀਆਂ ਪ੍ਰਾਪਤੀਆਂ ਅਤੇ ਸਾਕ-ਸੰਬੰਧੀ ਵੀ ਅੰਤ ਹੋਣ ਜਾਂ ਅੱਖਾਂ ਮੀਟਣ ਉੱਤੇ ਸਭ ਕੁਝ ਪਰਾਇਆ ਹੋ ਜਾਂਦਾ ਹੈ।

ਇਸ ਤਰ੍ਹਾਂ ਸੁਪਨੇ ਅਤੇ ਜੀਵਨ ਵਿੱਚ ਕੇਵਲ ਸਮੇਂ ਦਾ ਅੰਤਰ ਹੈ। ਸੁਪਨੇ ਦਾ ਸਮਾਂ ਕੁਝ ਮਿੰਟਾਂ ਦਾ ਅਤੇ ਜੀਵਨ ਦਾ ਸਮਾਂ ਕੁਝ ਵਰ੍ਹਿਆਂ ਤਕ ਹੀ ਸੀਮਤ

ਹੁੰਦਾ ਹੈ।

### ਗਉੜੀ ਮਹਲਾ ੯ ॥

੧. ਸਾਧੋ ਰਚਨਾ ਰਾਮ ਬਨਾਈ ॥

ਇਕਿ ਬਿਨਸੈ ਇਕ ਅਸਥਿਰੁ ਮਾਨੈ ਅਚਰਜੁ ਲਖਿਓ ਨ ਜਾਈ ॥ ੧ ॥ ਰਹਾਉ ॥

ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ ॥

(ਪੰਨਾ-੨੧੯)

### ਗਉੜੀ ਮਹਲਾ ੯ ॥

੨. ਮਨ ਰੇ ਕਹਾ ਭਇਓ ਤੈ ਬਉਰਾ ॥

ਅਹਿਨਿਸਿ ਅਉਧ ਘਟੈ ਨਹੀ ਜਾਨੈ ਭਇਓ ਲੋਭ ਸੰਗਿ ਹਉਰਾ ॥ ੧ ॥ ਰਹਾਉ ॥

ਜੋ ਤਨੁ ਤੈ ਅਪਨੋ ਕਰਿ ਮਾਨਿਓ ਅਰੁ ਸੁੰਦਰ ਗ੍ਰਿਹ ਨਾਰੀ ॥<br>
ਇਨ ਮੈ ਕਛੁ ਤੇਰੋ ਰੇ ਨਾਹਨਿ ਦੇਖੋ ਸੋਚ ਬਿਚਾਰੀ ॥ ੧ ॥<br>
ਰਤਨ ਜਨਮੁ ਅਪਨੋ ਤੈ ਹਾਰਿਓ ਗੋਬਿੰਦ ਗਤਿ ਨਹੀ ਜਾਨੀ ॥<br>
ਨਿਮਖ ਨ ਲੀਨ ਭਇਓ ਚਰਨਨ ਸਿੰਉ ਬਿਰਥਾ ਅਉਧ ਸਿਰਾਨੀ ॥ ੨ ॥<br>
ਕਹੁ ਨਾਨਕ ਸੋਈ ਨਰੁ ਸੁਖੀਆ ਰਾਮ ਨਾਮ ਗੁਨ ਗਾਵੈ ॥<br>
ਅਉਰ ਸਗਲ ਜਗੁ ਮਾਇਆ ਮੋਹਿਆ ਨਿਰਭੈ ਪਦੁ ਨਹੀ ਪਾਵੈ ॥ ੩ ॥

(ਪੰਨਾ-੨੨੦)

### ਤਿਲੰਗ ਮਹਲਾ ੯ ॥

੩. ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ ॥

ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ ॥

(ਪੰਨਾ-੭੨੬)

### ਤਿਲੰਗ ਮਹਲਾ ੯ ॥

੪. ਹਰਿ ਜਸੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੇਰੋ ॥

ਅਉਸਰੁ ਬੀਤਤਓ ਜਾਤੁ ਹੈ ਕਹਿਓ ਮਾਨ ਲੈ ਮੇਰੋ॥

(ਪੰਨਾ-੭੨੭)

**ਸਲੋਕ॥**

੫. ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ॥
ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ॥੧॥

(ਪੰਨਾ-੧੪੨੬)

**ਸਲੋਕ॥**

੬. ਤਰਨਾਪੋ ਇਉ ਹੀ ਗਇਓ ਲੀਓ ਜਰਾ ਤਨੁ ਜੀਤਿ॥
ਕਹੁ ਨਾਨਕ ਭਜੁ ਹਰਿ ਮਨਾ ਅਉਧ ਜਾਤੁ ਹੈ ਬੀਤਿ॥ ੩॥

(ਪੰਨਾ-੧੪੨੬)

**ਸਲੋਕ॥**

੭. ਬਿਰਧਿ ਭਇਓ ਸੂਝੈ ਨਹੀ ਕਾਲੁ ਪਹੂਚਿਓ ਆਨਿ॥
ਕਹੁ ਨਾਨਕ ਨਰ ਬਾਵਰੇ ਕਿਉ ਨ ਭਜੈ ਭਗਵਾਨੁ॥ ੪॥

(ਪੰਨਾ-੧੪੨੬)

**ਗਉੜੀ ਮਹਲਾ ੯॥**

੮. ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ॥੧॥
ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ॥
ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ॥੨॥

(ਪੰਨਾ-੨੧੯)

ਅਸਥਿਰਤਾ ਤੇ ਨਾਸਮਾਨਤਾ ਵਿੱਚ ਯਕੀਨ ਰੱਖਣ ਨਾਲ ਹੀ ਅਸਲੀ ਵੈਰਾਗ ਉਪਜਦਾ ਹੈ। ਇਸ ਲਈ ਗੁਰੂ ਸਾਹਿਬ ਇਸ ਸਚਾਈ ਨੂੰ ਬਾਰ-ਬਾਰ ਮਨੁੱਖ ਦੇ ਦਿਲ ਵਿੱਚ ਵਸਾਉਂਦੇ ਹਨ:

**ਸੋਰਠਿ ਮਹਲਾ ੯॥**

੧. ਰੇ ਨਰ ਇਹ ਸਾਚੀ ਜੀਅ ਧਾਰਿ॥

ਸਗਲ ਜਗਤੁ ਹੈ ਜੈਸੇ ਸੁਪਨਾ ਬਿਨਸਤ ਲਗਤ ਨ ਬਾਰ ॥ ੧ ॥

ਰਹਾਉ ॥

ਬਾਰੂ ਭੀਤਿ ਬਨਾਈ ਰਚਿ ਪਚਿ ਰਹਤ ਨਹੀ ਦਿਨ ਚਾਰਿ ॥
ਤੈਸੇ ਹੀ ਇਹ ਸੁਖ ਮਾਇਆ ਕੇ ਉਰਝਿਓ ਕਹਾ ਗਵਾਰ ॥ ੧ ॥
ਅਜਹੂ ਸਮਝਿ ਕਛੁ ਬਿਗਰਿਓ ਨਾਹਿਨਿ ਭਜਿ ਲੇ ਨਾਮੁ ਮੁਰਾਰਿ ॥
ਕਹੁ ਨਾਨਕ ਨਿਜ ਮਤੁ ਸਾਧਨ ਕਉ ਭਾਖਿਓ ਤੋਹਿ ਪੁਕਾਰਿ ॥ ੨ ॥

(ਪੰਨਾ-੬੩੩)

੨. ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥
ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥ ੨੫ ॥

(ਪੰਨਾ-੧੪੨੭)

੩. ਝੂਠੈ ਮਾਨੁ ਕਹਾ ਕਰੈ ਜਗੁ ਸੁਪਨੇ ਜਿਉ ਜਾਨੁ ॥
ਇਨ ਮੈ ਕਛੁ ਤੇਰੋ ਨਹੀ ਨਾਨਕ ਕਹਿਓ ਬਖਾਨਿ ॥ ੪੧ ॥

(ਪੰਨਾ-੧੪੨੮)

੪. ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥
ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤ ॥ ੪੯ ॥

(ਪੰਨਾ-੧੪੨੮)

## ਨਾਮ-ਸਿਮਰਨ

ਗੁਰੂ ਸਾਹਿਬ ਦੀ ਸਾਰੀ ਰਚਨਾ ਅਥਵਾ ਸ਼ਬਦਾਂ ਸਲੋਕਾਂ ਵਿੱਚ ਭਾਵੇਂ ਕਈ ਵਿਸ਼ਾ ਵਸਤੂਆਂ ਨੂੰ ਅੰਕਤ ਕੀਤਾ ਗਿਆ ਹੈ, ਪਰ ਪ੍ਰਧਾਨਤਾ ਨਾਮ-ਸਿਮਰਨ, ਪ੍ਰਭੂ ਦੇ ਜਸ ਗਾਉਣ ਜਾਂ ਪ੍ਰੇਮਾ-ਭਗਤੀ ਨੂੰ ਹੀ ਦਿੱਤੀ ਹੈ। ਨਾਮ-ਸਿਮਰਨ, ਕਰਤਾਰ ਦੇ ਜਸ ਗਾਉਣ ਜਾਂ ਸਿਫ਼ਤ-ਸਲਾਹ ਅਤੇ ਪ੍ਰੇਮਾ-ਭਗਤੀ ਦੇ ਅਰਥ ਭਾਵ ਵਿੱਚ ਬਹੁਤਾ ਅੰਤਰ ਨਹੀਂ। ਮਨੁੱਖ ਦੇ ਕੀਤੇ ਪਾਪਾਂ ਜਾਂ ਕੁਕਰਮਾਂ ਦੀ ਮਨ-ਆਤਮਾ ਉੱਤੇ ਪਈ ਮੈਲ ਜਾਂ ਬੁਰੇ ਪ੍ਰਭਾਵਾਂ ਨੂੰ ਧੋਣ ਲਈ ਨਾਮ-ਸਿਮਰਨ ਹੀ ਸਹਾਈ ਹੁੰਦਾ ਹੈ। ਇਸੇ ਨਾਲ ਮਨ ਤੇ ਆਤਮਾ ਬਲਵਾਨ ਹੁੰਦੇ ਹਨ।

੧. ਜੁਗਤਿ ਮੁਕਤਿ ਕਾ ਕਾਰਨੁ ਸੁਆਮੀ ਮੂੜ ਤਾਹਿ ਬਿਸਾਰੈ ॥

ਜਨ ਨਾਨਕ ਕੋਟਨ ਮੈ ਕੋਊ ਭਜਨੁ ਰਾਮ ਕੋ ਪਾਵੈ॥

(ਗਉੜੀ ਮ: ੯, ਪੰਨਾ-੨੧੯)

੨. ਤਜਿ ਅਭਿਮਾਨ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ॥
ਨਾਨਕ ਕਹਤ ਮੁਕਤਿ ਪੰਥ ਇਹੁ ਗੁਰਮੁਖਿ ਹੋਇ ਤੁਮ ਪਾਵਉ॥

(ਗਉੜੀ ਮ: ੯, ਪੰਨਾ-੨੧੯)

੩. ਮਾਨਸ ਦੇਹ ਬਹੁਰਿ ਨਹ ਪਾਵੈ ਕਛੂ ਉਪਾਉ ਮੁਕਤਿ ਕਾ ਕਰੁ ਰੇ॥
ਨਾਨਕ ਕਹਤ ਗਾਇ ਕਰੁਨਾ ਮੈ ਭਵ ਸਾਗਰ ਕੈ ਪਾਰਿ ਉਤਰੁ ਰੇ॥

(ਗਉੜੀ ਮ: ੯, ਪੰਨਾ-੨੨੦)

੪. ਮਾਨਸ ਜਨਮ ਅਕਾਰਥ ਖੋਵਤ ਲਾਜ ਨ ਲੋਕ ਹਸਨ ਕੀ॥
ਨਾਨਕ ਹਰਿ ਜਸੁ ਕਿਉ ਨਹੀ ਗਾਵਤ ਕੁਮਤਿ ਬਿਨਾਸੈ ਤਨ ਕੀ॥

(ਆਸਾ ਮ: ੯, ਪੰਨਾ-੪੧੧)

੫. ਕਹੁ ਨਾਨਕ ਭਜੁ ਰਾਮ ਨਾਮ ਨਿਤ ਜਾ ਤੇ ਕਾਜੁ ਸਰੈ॥

(ਦੇਵਗੰਧਾਰੀ ਮ: ੯, ਪੰਨਾ-੫੩੬)

੬. ਕਹੁ ਨਾਨਕ ਭਜੁ ਰਾਮ ਨਾਮ ਨਿਤ ਜਾ ਤੇ ਹੋਤ ਉਧਾਰ॥

(ਦੇਵਗੰਧਾਰੀ ਮ: ੯, ਪੰਨਾ-੫੩੬)

੭. ਮਨ ਮੂਰਖ ਅਜਹੂ ਨਹ ਸਮਝਤ ਸਿਖ ਦੈ ਹਾਰਿਓ ਨੀਤ॥
ਨਾਨਕ ਭਉਜਲ ਪਾਰਿ ਪਰੈ ਜਉ ਗਾਵੈ ਪ੍ਰਭ ਕੇ ਗੀਤ॥

(ਦੇਵਗੰਧਾਰੀ ਮ: ੯, ਪੰਨਾ-੫੩੬)

੮. ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥
ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ॥

(ਸੋਰਠਿ ਮ: ੯, ਪੰਨਾ-੬੩੧)

੯. ਅਜਾਮਲ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ॥
ਨਾਨਕ ਕਹਤ ਚੇਤ ਚਿੰਤਾਮਨਿ ਤੈ ਭੀ ਉਤਰਹਿ ਪਾਰਾ॥

(ਸੋਰਠਿ ਮ: ੯, ਪੰਨਾ-੬੩੨)

੧੦. ਰਤਨੁ ਰਾਮੁ ਘਟ ਹੀ ਕੇ ਭੀਤਰਿ ਤਾ ਕੋ ਗਿਆਨੁ ਨ ਪਾਇਓ ॥
ਜਨ ਨਾਨਕ ਭਗਵੰਤ ਭਜਨ ਬਿਨੁ ਬਿਰਥਾ ਜਨਮੁ ਗਵਾਇਓ ॥ ੨ ॥

(ਜੈਤਸਰੀ ਮ: ੯ ਪੰਨਾ-੭੦੩)

੧੧. ਕਲ ਮੈ ਮੁਕਤਿ ਨਾਮ ਤੇ ਪਾਵਤ ਗੁਰੁ ਯਹ ਭੇਦੁ ਬਤਾਵੈ ॥
ਕਹੁ ਨਾਨਕ ਸੋਈ ਨਰੁ ਗਰੂਆ ਜੋ ਪ੍ਰਭ ਕੇ ਗੁਨ ਗਾਵੈ ॥

(ਬਿਲਾਵਲੁ ਮ: ੯ ਪੰਨਾ-੮੩੧)

**ਸਲੋਕ ਮ: ੯—**

੧. ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ ॥
ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ ॥ ੧ ॥

(ਪੰਨਾ-੧੪੨੬)

੨. ਬਿਰਧਿ ਭਇਓ ਸੂਝੈ ਨਹੀ ਕਾਲੁ ਪਹੂਚਿਓ ਆਨਿ ॥
ਕਹੁ ਨਾਨਕ ਨਰ ਬਾਵਰੇ ਕਿਉ ਨ ਭਜੈ ਭਗਵਾਨੁ ॥ ੪ ॥

(ਪੰਨਾ- ੧੪੨੬)

੩. ਤਨੁ ਧਨੁ ਸੰਪੈ ਸੁਖ ਦੀਓ ਅਰੁ ਜਿਹ ਨੀਕੇ ਧਾਮ ॥
ਕਹੁ ਨਾਨਕ ਸੁਨੁ ਰੇ ਮਨਾ ਸਿਮਰਤ ਕਾਹਿ ਨ ਰਾਮੁ ॥ ੮ ॥

(ਪੰਨਾ-੧੪੨੬)

੪. ਜਿਹ ਸਿਮਰਤ ਗਤਿ ਪਾਈਐ ਤਿਹ ਭਜੁ ਰੇ ਤੈ ਮੀਤ ॥
ਕਹੁ ਨਾਨਕ ਸੁਨੁ ਰੇ ਮਨਾ ਅਉਧ ਘਟਤ ਹੈ ਨੀਤ ॥ ੧੦ ॥

(ਪੰਨਾ-੧੪੨੬)

੫. ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥
ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ ॥ ੧੨ ॥

(ਪੰਨਾ-੧੪੨੬)

੬. ਭੈ ਨਾਸਨ ਦੁਰਮਤਿ ਹਰਨ ਕਲਿ ਮੈ ਹਰਿ ਕੋ ਨਾਮੁ ॥
ਨਿਸਿ ਦਿਨੁ ਜੋ ਨਾਨਕ ਭਜੈ ਸਫਲ ਹੋਹਿ ਤਿਹ ਕਾਮ ॥ ੨੦ ॥

(ਪੰਨਾ-੧੪੨੭)

੭. ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ।।

ਕਹੁ ਨਾਨਕ ਹਰਿ ਭਜਨ ਬਿਨੁ ਬਿਰਥਾ ਸਭ ਹੀ ਮਾਨੁ।। ੩੫।।

(ਪੰਨਾ-੧੪੨੮)

ਗੁਰੂ ਸਾਹਿਬ ਦੇ ਅਜਿਹੇ ਸ਼ਬਦ ਸਲੋਕ ਬਹੁਤ ਘੱਟ ਹਨ, ਜਿਨ੍ਹਾਂ ਵਿੱਚ ਨਾਮ-ਸਿਮਰਨ ਲਈ ਨਾ ਉਪਦੇਸ਼ਿਆ ਹੋਵੇ। ਉਪਰਲੇ ਸ਼ਬਦ-ਸਲੋਕ ਕੇਵਲ ਵੰਨਗੀ ਮਾਤਰ ਹਨ। ਸਾਰੇ ਸ਼ਬਦਾਂ ਸਲੋਕਾਂ ਵਿੱਚ ਗੁਰੂ ਸਾਹਿਬ ਦੇ ਨਾਮ-ਸਿਮਰਨ ਜਾਂ ਭਜਨ ਨੂੰ ਹੀ ਮਨੁੱਖ ਦੇ ਅਮਲ ਕਮਾਉਣ ਜਾਂ ਕਰਨ ਦਾ ਪਰਮੁੱਖ ਕਰਤੱਵ ਸਮਝਿਆ ਹੈ। ਸਾਰੇ ਕਾਰਜਾਂ ਦੀ ਸਿੱਧੀ ਜਾਂ ਜੀਵਨ ਸਫਲਤਾ ਲਈ ਨਾਮ-ਸਿਮਰਨ ਦੀ ਵਿਧੀ ਜਾਂ ਵਸੀਲਾ ਫੁਰਮਾਇਆ ਹੈ। ਨਾਮ ਦੀ ਮਹਿਮਾ ਤੇ ਮਹਾਨਤਾ ਨੂੰ ਵਧੇਰੇ ਸਪਸ਼ਟਤਾ ਨਾਲ ਵਰਣਨ ਕਰਨ ਲਈ ਆਪ ਰਾਗ ਸੋਰਠਿ ਦੇ ਪ੍ਰਸ਼ਨੋਤਰੀ ਸ਼ਬਦ ਵਿੱਚ ਇਸ ਪ੍ਰਕਾਰ ਫੁਰਮਾਉਂਦੇ ਹਨ:-

ਪ੍ਰਸ਼ਨ:- ੧. ਜੀਵ ਕਿਹੜਾ ਉਪਾਉ ਜਾਂ ਹੀਲਾ ਕਰੇ ਜਿਸ ਨਾਲ ਵਾਹਿਗੁਰੂ ਦੀ ਭਗਤੀ ਪਾ ਲਵੇ ਤੇ ਜਮਾਂ (ਮੌਤ) ਦਾ ਡਰ ਦੂਰ ਕਰ ਸਕੇ?

੨. ਦੱਸੋ, ਉਹ ਕਿਹੜਾ ਧਾਰਮਕ ਕਰਮ ਹੈ?

੩. ਕਿਹੜੀ ਵਿਦਿਆ ਹੈ?

੪. ਕਿਹੜਾ ਧਰਮ ਹੈ?

੫. ਕਿਹੜਾ ਗੁਰੂ ਦਾ ਨਾਮ ਹੈ, ਜਿਸ ਦੇ ਸਿਮਰਨ ਕਰਕੇ ਇਸ ਸੰਸਾਰ-ਸਮੁੰਦਰ ਤੋਂ ਤਰ ਸਕੇ?

ਉੱਤਰ:- ਕਲਜੁਗ ਵਿੱਚ ਕੇਵਲ ਕਿਰਪਾਲੂ ਵਾਹਿਗੁਰੂ ਦਾ ਨਾਮ ਹੀ ਹੈ, ਜਿਸ ਨੂੰ ਜਪ ਕੇ ਜੀਵ ਮੁਕਤੀ ਪਾ ਲੈਂਦਾ ਹੈ। ਇਸ ਬਰਾਬਰ ਕੋਈ ਹੋਰ ਉਪਾਓ, ਕਰਮ ਜਾਂ ਵਿਦਿਆ ਨਹੀਂ ਹੋ ਸਕਦੀ। ਹੋਰ ਸਾਰੇ ਧਰਮ ਉਸ ਨਾਮ ਜਪਣ ਦੇ ਬਰਾਬਰ ਨਹੀਂ। ਵੇਦ ਅਥਵਾ ਧਾਰਮਿਕ ਗ੍ਰੰਥ ਵੀ ਇਹੋ ਜੁਗਤ ਦਸਦੇ ਹਨ:-

**ਸੋਰਠਿ ਮਹਲਾ ੯।।**

ਪ੍ਰਾਨੀ ਕਉਨੁ ਉਪਾਉ ਕਰੈ।।

ਜਾ ਤੇ ਭਗਤਿ ਰਾਮ ਕੀ ਪਾਵੈ ਜਮ ਕੋ ਤ੍ਰਾਸੁ ਹਰੈ।। (ਪੰਨਾ-੬੩੨)

ਮਨੁੱਖ ਜਦ ਦੁਰਜਨਾਂ ਦੀ ਸੰਗਤ ਤੋਂ ਬਚ ਕੇ, ਭਲੇ ਪੁਰਸ਼ਾਂ ਦੀ ਸੰਗਤ ਵਿੱਚ

ਆ ਕੇ ਜੀਵਨ ਦੀਆਂ ਚੰਗੇਰੀਆਂ ਸੇਧਾਂ ਪ੍ਰਾਪਤ ਕਰ ਲੈਂਦਾ ਹੈ। ਅਕਾਲ ਪੁਰਖ ਦੀ ਓਟ ਵਿਚ ਰਹਿੰਦਿਆਂ ਉਸ ਨੂੰ ਨਿਸਚਾ ਹੋ ਜਾਂਦਾ ਹੈ ਕਿ ਉਹ ਕਿਰਪਾਲੂ ਮਾਲਕ ਹਰ ਸਮੇਂ ਅੰਗ-ਸੰਗ ਹੀ ਹੈ। ਉਸ ਦੇ ਚੰਗੇ ਜਾਂ ਮਾੜੇ ਕੰਮ ਉਸ ਘਟ-ਘਟ ਵਿੱਚ ਵਸਣ ਵਾਲੇ ਤੋਂ ਛੁਪੇ ਨਹੀਂ ਰਹਿ ਸਕਦੇ।

ਉਹ ਵਿਕਾਰਾਂ ਰਹਿਤ ਜੀਵਨ ਜਿਉਂਦਿਆਂ ਨਾਮ-ਰਸ ਵਿੱਚ ਲੀਨ ਹੋ ਕੇ ਜੀਵਨ ਦਾ ਪੂਰਾ ਅਨੰਦ ਮਾਣਦਾ ਹੈ। ਸੰਸਾਰਕ ਪਦਾਰਥਾਂ ਦੀ ਸੰਜਮ ਤੇ ਸੰਤੋਖ ਭਰੀ ਵਰਤੋਂ ਕਰਨਾ ਸਿੱਖ ਜਾਂਦਾ ਹੈ। ਸੰਸਾਰੀ ਰਚਨਾ ਵਿੱਚ ਪਰਿਵਰਤਨ-ਸ਼ੀਲਤਾ ਅਤੇ ਅਸਥਿਰਤਾ ਦੇ ਅਟੱਲ ਨਿਯਮ ਦਾ ਗਿਆਨ ਹੋਣ ਕਾਰਨ ਉਨ੍ਹਾਂ ਵਿੱਚ ਖਚਿਤ ਨਹੀਂ ਹੁੰਦਾ।

ਇਸ ਵੈਰਾਗ ਮਈ ਦਸ਼ਾ ਵਿੱਚ ਆਤਮ-ਬਲ ਦੀ ਪ੍ਰਾਪਤੀ ਹੋ ਜਾਂਦੀ ਹੈ। ਹਰ ਥਾਂ, ਹਰ ਪ੍ਰਾਣੀ ਵਿੱਚ ਉਸ ਇਕੋ ਜੋਤ ਦਾ ਹੀ ਚਾਨਣ ਵੇਖਦਾ ਹੈ। ਮਨ ਸ਼ਾਂਤੀ ਭਰਪੂਰ ਅਡੋਲਤਾ ਅਤੇ ਨਿਰਭੈਤਾ ਦੀ ਦਸ਼ਾ ਵਿੱਚ ਹੀ ਟਿਕਦਾ ਹੈ। ਮਨ ਦੀ ਉਸ ਦਸ਼ਾ ਨੂੰ ਗੁਰੂ ਜੀ ਆਪਣੇ ਨਿਜੀ ਤਜਰਬੇ ਦੇ ਆਧਾਰ ਉੱਤੇ ਬਸੰਤ ਰਾਗ ਦੇ ਸ਼ਬਦ ਰਾਹੀਂ ਇਉਂ ਪ੍ਰਗਟ ਕਰਦੇ ਹਨ:-

ਬਸੰਤੁ ਮਹਲਾ ੯ ॥

ਮਾਈ ਮੈ ਧਨੁ ਪਾਇਓ ਹਰਿ ਨਾਮੁ ॥
ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ ॥੧॥ ਰਹਾਉ ॥
ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ ॥
ਲੋਭ ਮੋਹ ਏਹ ਪਰਸਿ ਨ ਸਾਕੈ ਗਹੀ ਭਗਤਿ ਭਗਵਾਨ ॥੧॥
ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ ॥
ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ ॥੨॥
ਜਾ ਕਉ ਹੋਤ ਦਇਆਲੁ ਕਿਰਪਾ ਨਿਧਿ ਸੋ ਗੋਬਿੰਦ ਗੁਨ ਗਾਵੈ ॥
ਕਹੁ ਨਾਨਕ ਇਹ ਬਿਧਿ ਕੀ ਸੰਪੈ ਕੋਊ ਗੁਰਮੁਖਿ ਪਾਵੈ ॥੩॥੩॥

(ਪੰਨਾ-੧੧੮੬)

## ਪਾਵਨ ਸ਼ਖ਼ਸੀਅਤ ਦੀ ਅਮਿੱਟ ਛਾਪ

ਗੁਰੂ ਸਾਹਿਬ ਦੀ ਬਾਣੀ ਦਾ ਪਿਛੋਕੜ ਉਨ੍ਹਾਂ ਦਾ ਆਪਣਾ ਅਮਲੀ ਜੀਵਨ ਹੈ। ਲਗਾਤਾਰ ੨੦ ਵਰ੍ਹਿਆਂ ਦੀ ਕਠਨ ਸਾਧਨਾ ਹੈ। ਆਤਮ-ਬਲ, ਅਨੁਭਵੀ

ਅਧਿਆਤਮਕ ਸ਼ਕਤੀ ਅਤੇ ਤਜਰਬਾ ਹੈ। ਉਨ੍ਹਾਂ ਦੀ ਬਹੁ-ਪੱਖੀ ਉੱਚਤਮ ਸ਼ਖ਼ਸੀਅਤ ਹੈ। ਗੁਰੂ ਸਾਹਿਬ ਵੈਰਾਗ ਤੇ ਪ੍ਰੇਮ ਦੇ ਪੁੰਜ ਸਨ। ਕੋਮਲ ਹਿਰਦਾ, ਬਲਵਾਨ ਤੇ ਸੁਡੌਲ ਸਰੀਰ, ਸ਼ਸਤਰ ਵਿਦਿਆ ਤੇ ਘੋੜ-ਸਵਾਰੀ ਵਿੱਚ ਨਿਪੁੰਨ, ਤੇਗ ਦੇ ਧਨੀ ਅਤੇ ਕਲਮ ਦੇ ਕਲਾਕਾਰ, ਸੰਗੀਤਕਾਰ, ਪਰਉਪਕਾਰੀ, ਧਰਮ ਰਖਿਅਕ ਅਤੇ ਸਫਲ ਗ੍ਰਿਹਸਤੀ ਵੀ, ਧਾਰਮਕ ਵਿਦਵਾਨ ਅਤੇ ਮਨੋ-ਵਿਗਿਆਨੀ ਵੀ ਸਨ।

ਪ੍ਰਭੂ-ਭਗਤੀ ਵਿੱਚ ਲੀਨ ਹੋਏ ਭਗਤ, ਸੂਰਬੀਰ, ਯੋਧੇ ਅਤੇ ਮਹਾਂਦਾਨੀ ਵੀ ਸਨ। ਤਿਆਗ ਤੇ ਕੁਰਬਾਨੀ ਦੀ ਭਾਵਨਾ ਏਥੋਂ ਤਕ ਕਿ ਦੁਖੀ, ਲਤਾੜੀ, ਨਿਤਾਣੀ ਅਤੇ ਸਤਾਈ ਜਨਤਾ ਦੇ ਬਚਾਉ ਤੇ ਭਲੇ ਲਈ ਸਾਰੇ ਸੰਸਾਰਕ ਪਦਾਰਥ, ਰਿਸ਼ਤੇ ਅਤੇ ਸੁਖਾਂ ਦੇ ਹੁੰਦਿਆਂ ਹੋਇਆਂ ਲੋੜ ਪੈਣ 'ਤੇ ਆਪਣਾ ਬਲੀਦਾਨ ਖੁਸ਼ੀ ਨਾਲ ਅਰਪਨ ਕਰ ਦਿੱਤਾ।

ਆਸ਼ਾਵਾਦੀ ਇਰਾਦੇ ਵਿੱਚ ਦ੍ਰਿੜ੍ਹਤਾ ਵਿਸ਼ਵਾਸ ਜਾਂ ਆਪਣੇ ਅਸੂਲਾਂ ਉੱਤੇ ਪੱਕੇ ਰਹਿਣ ਵਾਲੇ, ਚਟਾਨ ਦੀ ਤਰ੍ਹਾਂ ਅਡੋਲ, ਇਕ ਮਹਾਨ ਪੁਰਸ਼ ਸਨ। ਅਕਾਲ ਪੁਰਖ ਵਿੱਚ ਅਭੇਦ ਅਤੇ ਬ੍ਰਹਮ ਗਿਆਨੀ ਸਨ। ਉਨ੍ਹਾਂ ਦੀ ਕਹਿਣੀ ਅਤੇ ਕਰਨੀ ਵਿੱਚ ਕੋਈ ਅੰਤਰ ਨਹੀਂ ਸੀ। ਜੋ ਕੁਝ ਬਾਣੀ ਵਿਚ ਉਚਾਰਿਆ ਜਾਂ ਉਪਦੇਸ਼ਿਆ ਹੈ, ਉਸੇ ਅਨੁਕੂਲ ਉਨ੍ਹਾਂ ਦਾ ਜੀਵਨ ਦੋਸ਼ ਰਹਿਤ, ਸ਼ੁਭ ਤੇ ਉਤਮ ਗੁਣਾਂ ਨਾਲ ਭਰਪੂਰ ਸੀ।

ਉਨ੍ਹਾਂ ਦੇ ਬਚਨ ਕੋਈ ਖੁਸ਼ਕ ਫਲਸਫੇ ਜਾਂ ਕਲਪਨਾ ਦੀ ਉਡਾਰੀ ਜਾਂ ਕੇਵਲ ਬੁੱਧੀ ਨਾਲ ਘੜੇ ਕੋਰੇ ਸ਼ਬਦ ਹੀ ਨਹੀਂ ਸਨ, ਸਗੋਂ ਅਮਲੀ ਅਤੇ ਆਦਰਸ਼ਕ ਜੀਵਨ ਸੋਮੇ ਵਿਚੋਂ ਫੁਟਿਆ ਅੰਮ੍ਰਿਤ ਹੈ। ਇਸੇ ਕਰਕੇ ਉਨ੍ਹਾਂ ਦੀ ਬਾਣੀ ਵਿੱਚ ਪ੍ਰਭਾਵ ਸਮਰੱਥਾ ਅਤੇ ਪ੍ਰੇਰਕ ਸ਼ਕਤੀ ਅਥਾਹ ਹੈ ਅਤੇ ਸੰਜਮ ਕਮਾਲ ਦਰਜੇ ਨੂੰ ਪਹੁੰਚ ਗਿਆ ਹੈ। ਕੋਈ ਵੀ ਵਿਅਕਤੀ ਉਨ੍ਹਾਂ ਦੀ ਬਾਣੀ ਦਾ ਅਸਰ ਕਬੂਲੇ ਬਿਨਾਂ ਨਹੀਂ ਰਹਿ ਸਕਦਾ।

ਅਭਿਮਾਨੀਆਂ ਨੂੰ ਝੂਠੇ ਮਾਨ ਤੋਂ, ਵਿਕਾਰੀਆਂ ਨੂੰ ਵਿਕਾਰਾਂ ਤੋਂ, ਲੋਭੀਆਂ ਨੂੰ ਸੰਸਾਰਕ ਪਦਾਰਥਾਂ ਤੇ ਧਨ ਦੇ ਝੂਠੇ ਚਮਤਕਾਰਾਂ ਪਿੱਛੇ ਜੀਵਨ ਬਰਬਾਦ ਕਰਦਿਆਂ ਨੂੰ ਬਚਾਉਂਦੀ ਤੇ ਸਹੀ ਰਾਹ ਦਿਖਾਉਂਦੀ ਹੈ। ਪਰਉਪਕਾਰ, ਸੇਵਾ, ਤਿਆਗ ਅਤੇ ਕੁਰਬਾਨੀ ਦੀਆਂ ਭਾਵਨਾਵਾਂ ਲਈ ਸ਼ਕਤੀਸ਼ਾਲੀ ਪ੍ਰੇਰਕ ਹੈ।

ਮਨੁੱਖਾ-ਜਨਮ ਦੀ ਅਤੇ ਸਮੇਂ ਦੀ ਕਦਰ ਕਰਨਾ ਸਿਖਾਉਂਦੀ ਹੈ। ਗਾਫ਼ਲ ਹੋ ਕੇ ਅਕਾਰਥ ਗੁਆਉਣ ਤੋਂ ਵਰਜਦੀ ਹੈ। ਮਨੁੱਖ ਨੂੰ ਇਕ ਆਦਰਸ਼ਕ ਜੀਵਨ ਪ੍ਰਦਾਨ ਕਰਦੀ ਹੈ। ਬਲਹੀਣ ਤੇ ਨਿਤਾਣਿਆਂ ਨੂੰ ਮੌਤ ਦਾ ਭੈ ਦੂਰ ਕਰਕੇ

ਬਲਵਾਨ ਆਤਮਾ ਦਾ ਮਾਲਕ ਬਣਾਉਂਦੀ ਹੈ। ਨਾ ਕਿਸੇ ਦਾ ਭੈ ਮੰਨਣਾ, ਨਾ ਕਿਸੇ ਨੂੰ ਭੈ ਦੇਣਾ ਦੇ ਅਸੂਲ ਨੂੰ ਦ੍ਰਿੜ੍ਹ ਕਰਵਾ ਕੇ ਅਣਖੀ ਜੀਵਨ ਜਿਉਣ ਦੀ ਜਾਚ ਸਿਖਾਉਂਦੀ ਹੈ। ਸੰਸਾਰਕ ਪਦਾਰਥਾਂ ਦੇ ਝੂਠੇ ਰਸਾਂ ਕਸਾਂ ਨਾਲੋਂ ਨਾਮ-ਰਸ ਨੂੰ ਸਰਬੋਤਮ ਦੱਸ ਕੇ ਉਸ ਵਿੱਚ ਲੀਨ ਹੋਣ ਲਈ ਵਧੇਰੇ ਉਤੇਜਿਤ ਕਰਦੀ ਹੈ ਜਿਸ ਨਾਲ ਵਾਹਿਗੁਰੂ ਵਿੱਚ ਅਭੇਦਤਾ ਪ੍ਰਾਪਤ ਹੁੰਦੀ ਹੈ।

ਗੁਰੂ ਸਾਹਿਬ ਜਾਤਾਂ, ਨਸਲਾਂ, ਧਰਮਾਂ ਅਤੇ ਦੇਸ਼ਾਂ ਦੇ ਹੱਦ-ਬੰਨਿਆਂ ਤੋਂ ਉੱਚੇ ਉੱਠ ਕੇ ਇਕ ਸਰਬ-ਸਾਂਝੇ ਮਹਾਂ-ਪੁਰਖ ਸਨ। ਉਨ੍ਹਾਂ ਨੇ ਆਪਣਾ ਮਹਾਂ ਬਲੀਦਾਨ ਇਸ ਕਰਕੇ ਦਿੱਤਾ ਕਿ ਅੱਗੇ ਤੋਂ ਕੋਈ ਵਿਅਕਤੀ ਜਾਂ ਸ਼ਕਤੀ ਮਨੁੱਖ ਦੇ ਮੁੱਢਲੇ ਅਧਿਕਾਰਾਂ ਅਤੇ ਆਤਮਕ ਸੁਤੰਤਰਤਾ ਵਿਚ ਦਖ਼ਲ ਨਾ ਦੇ ਸਕੇ। ਉਨ੍ਹਾਂ ਦੇ ਸਪੁੱਤਰ ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਦੀ ਉਸ ਅਦੁੱਤੀ ਸ਼ਹਾਦਤ ਉੱਤੇ ਜੋ ਸ਼ਰਧਾਂਜਲੀ ਭੇਟ ਕੀਤੀ ਸੀ, ਉਨ੍ਹਾਂ ਦੀ ੩੦੦ ਸਾਲਾ ਸ਼ਹੀਦੀ ਯਾਦ ਉਤਸਵ ਵਿਖੇ ਉਨ੍ਹਾਂ ਦੀ ਜਸ-ਕੀਰਤੀ ਦਾ ਮੁੱਖ ਨਾਰਾ ਬਣਿਆ ਰਿਹਾ।

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥
ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨ ਹੇਤਿ ਇਤੀ ਜਿਨਿ ਕਰੀ॥
ਸੀਸੁ ਦੀਆ ਪਰ ਸੀ ਨ ਉਚਰੀ॥ ੧੩॥
ਧਰਮ ਹੇਤ ਸਾਕਾ ਜਿਨਿ ਕੀਆ॥
ਸੀਸੁ ਦੀਆ ਪਰ ਸਿਰਰੁ ਨ ਦੀਆ॥
ਨਾਟਕ ਚੇਟਕ ਕੀਏ ਕੁਕਾਜਾ॥
ਪ੍ਰਭ ਲੋਗਨ ਕਹ ਆਵਤ ਲਾਜਾ॥ ੧੪॥

(ਬਚਿੱਤਰ ਨਾਟਕ, ਅਧਿ. ੫)

ਦੋਹਰਾ॥

ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਯਾ ਪਯਾਨ॥
ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥ ੧੫॥
ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ॥
ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰ ਲੋਕ॥ ੧੬॥

(ਬਚਿੱਤਰ ਨਾਟਕ, ਅਧਿ. ੫)

ਕਿਸੇ ਗੁਰਮੁਖ ਪਿਆਰੇ ਨੇ ਚਾਰ ਸਤਰਾਂ ਵਿੱਚ ਗੁਰੂ ਸਾਹਿਬ ਦੀ ਬਾਣੀ ਤੇ ਉਨ੍ਹਾਂ ਦਾ ਜੀਵਨ-ਦਰਸ਼ਨ ਅੰਕਤ ਕੀਤਾ ਹੈ, ਜੋ ਸ਼ਬਦ ਵਾਂਗ ਪ੍ਰਸਿੱਧ ਹੋ ਕੇ ਗਾਇਆ ਸੁਣਿਆ ਜਾਂਦਾ ਹੈ:

ਚਿਤ ਚਰਨ ਕਮਲ ਕਾ ਆਸਰਾ, ਚਿਤ ਚਰਨ ਕਮਲ ਸੰਗ ਜੋੜੀਐ।
ਮਨ ਲੋਚੈ ਬੁਰਿਆਈਆਂ, ਗੁਰ ਸ਼ਬਦੀ ਇਹ ਮਨ ਹੋੜੀਐ।
ਬਾਂਹ ਜਿਨ੍ਹਾਂ ਦੀ ਪਕੜੀਐ, ਸਿਰ ਦੀਜੈ ਬਾਂਹ ਨਾ ਛੋੜੀਐ।
ਤੇਗ ਬਹਾਦਰ ਬੋਲਿਆ ਧਰ ਪਈਐ ਧਰਮ ਨ ਛੋੜੀਐ।

ਭਾਵ-

ਮਨੁੱਖ ਨੂੰ ਸੰਸਾਰ ਵਿੱਚ ਕੇਵਲ ਵਾਹਿਗੁਰੂ ਦੀ ਓਟ ਜਾਂ ਸ਼ਰਨ ਵਿੱਚ ਰਹਿਣਾ ਚਾਹੀਦਾ ਹੈ। ਇਸ ਦੇ ਤੁਲ ਹੋਰ ਕੋਈ ਆਸਰਾ ਜਾਂ ਸਹਾਰਾ ਨਹੀਂ ਹੋ ਸਕਦਾ। ਉਸ ਦੇ ਸਿਮਰਨ ਵਿੱਚ ਹੀ ਮਨ ਲਾਉਣਾ ਚਾਹੀਦਾ ਹੈ। ਮਨੁੱਖ ਦੀ ਰੁਚੀ ਬੁਰਿਆਈਆਂ ਵੱਲ ਭੱਜਦੀ ਹੈ। ਗੁਰ ਸ਼ਬਦ ਦੁਆਰਾ ਹੀ ਵਿਕਾਰਾਂ ਤੋਂ ਛੁਟਕਾਰਾ ਅਥਵਾ ਮੁਕਤੀ ਮਿਲ ਸਕਦੀ ਹੈ। ਮਨੁੱਖੀ ਭਾਈਚਾਰੇ ਵਿੱਚ ਜਦ ਵੀ ਕਿਸੇ ਦੀ ਬਾਂਹ ਫੜੀ ਜਾਵੇ ਅਥਵਾ ਸਹਾਈ ਹੋਣ ਲਈ ਬਚਨ ਦਿੱਤਾ ਜਾਵੇ ਤਾਂ ਉਸ ਬਚਨ ਨੂੰ ਪੂਰਾ ਕਰਨ ਲਈ ਜੀਵਨ ਦੇਣ ਦੀ ਲੋੜ ਪੈ ਜਾਵੇ ਤਾਂ ਸੰਕੋਚ ਨਾ ਕੀਤਾ ਜਾਵੇ। ਆਪਣੇ ਧਰਮ ਜਾਂ ਵਿਸ਼ਵਾਸ ਵਿੱਚ ਇਥੋਂ ਤਕ ਦ੍ਰਿੜ੍ਹ ਰਿਹਾ ਜਾਵੇ ਕਿ ਜੇਕਰ ਸੀਸ ਦੇਣਾ ਪਵੇ ਤਾਂ ਦੇ ਦਿੱਤਾ ਜਾਵੇ। ਪਰ ਆਪਣੇ ਧਰਮ ਨੂੰ ਨਾ ਤਿਆਗਿਆ ਜਾਵੇ।

ਮਹਾਨ ਸ਼ਹੀਦ, ਪਰਉਪਕਾਰੀ, ਧਰਮ ਰੱਖਿਅਕ, ਤਿਲਕ ਜੰਞੂ ਦੇ ਰਾਖੇ, ਦੀਨ ਦੁਖੀਆਂ ਦੇ ਸਹਾਈ ਗੁਰੂ ਤੇਗ ਬਹਾਦਰ ਦੀ ਯਾਦ ਨੂੰ ਸਦਾ ਦਿਲ ਵਿੱਚ ਵਸਾਈ ਰੱਖਣ ਨਾਲ, ਉਨ੍ਹਾਂ ਦੇ ਬਚਨਾਂ ਉੱਤੇ ਅਮਲ ਕਰਕੇ ਸੰਸਾਰ ਦੇ ਸਰਬ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ। ਇਹ ਪਵਿੱਤਰ ਵਾਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਚਾਰਿਆ ਹੈ:

ਤੇਗ ਬਹਾਦਰ ਸਿਮਰਿਐ ਘਰ ਨੌ ਨਿਧਿ ਆਵੈ ਧਾਇ॥

ਸਭ ਥਾਈਂ ਹੋਇ ਸਹਾਇ ॥ ੧ ॥ (ਚੰਡੀ ਦੀ ਵਾਰ)

## ਸਾਰੰਸ਼

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਮੁਖਾਰਬਿੰਦ ਤੋਂ ਰਾਗ ਗਉੜੀ ਦੇ ਸੰਗੀਤ ਵਿੱਚ ਜੋ ਅੰਮ੍ਰਿਤ ਰੂਪੀ ਬਾਣੀ ਦਾ ਸਭ ਤੋਂ ਪਹਿਲਾਂ ਸ਼ਬਦ ਉਚਾਰਨ ਕੀਤਾ, ਉਸ ਦੀਆਂ ਪਹਿਲੀਆਂ ਦੋ ਤੁਕਾਂ ਇਹ ਹਨ:

ਸਾਧੋ ਮਨ ਕਾ ਮਾਨੁ ਤਿਆਗਉ ॥
ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥

(ਪੰਨਾ-੨੧੯)

ਫੇਰ ਉਨ੍ਹਾਂ ਆਪਣੀ ਸਾਰੀ ਰਚਨਾ ਦੀ ਸਮਾਪਤੀ ਉਤੇ ਜੋ ਦੋਹਰਾ ਉਚਾਰਿਆ ਹੈ, ਉਹ ਹੈ:

ਰਾਮ ਨਾਮੁ ਉਰ ਮੈ ਗਹਿਓ ਜਾ ਕੈ ਸਮ ਨਹੀ ਕੋਇ ॥
ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ ॥ ੫੭ ॥

(ਪੰਨਾ-੧੪੨੯)

ਇਥੇ ਵਿਚਾਰਨ ਯੋਗ ਗੱਲ ਇਹ ਹੈ ਕਿ ਪਹਿਲੀਆਂ ਤੁਕਾਂ ਵਿਚ ਮਨੁੱਖ ਨੂੰ ਅਭਿਮਾਨ ਦੇ ਤਿਆਗਣ, ਹੋਰ ਸੰਸਾਰਕ ਵਿਸ਼ੇ ਵਿਕਾਰਾਂ ਅਤੇ ਬੁਰਿਆਂ ਦੀ ਸੰਗਤ ਤੋਂ ਸਦਾ ਹੀ ਬਚ ਰਹਿਣ ਦਾ ਉਪਦੇਸ਼ ਦਿੱਤਾ ਹੈ। ਦੂਜੇ ਅਰਥਾਂ ਵਿੱਚ ਹਉਮੈ ਰਹਿਤ ਨਿਰਮਲ ਕਰਮ ਅਤੇ ਸਤਿ ਸੰਗ ਕਰਨ ਲਈ ਪ੍ਰੇਰਨਾ ਹੈ।

ਅੰਤਲੇ ਦੋਹਰੇ ਵਿੱਚ ਫੁਰਮਾਇਆ ਹੈ, ਜਿਸ ਪੁਰਸ਼ ਨੇ ਵਾਹਿਗੁਰੂ ਦਾ ਨਾਮ ਹਿਰਦੇ ਵਿੱਚ ਵਸਾ ਲਿਆ ਹੈ, ਇਸ ਦੇ ਬਰਾਬਰ ਹੋਰ ਕੋਈ ਧਰਮ ਨਹੀਂ* ਜਿਸ ਦੇ

---

*੧. ਹਰਿ ਨਾਮੈ ਤੁਲਿ ਨ ਪੁਜਈ ਜੇ ਲਖ ਕੋਟੀ ਕਰਮ ਕਮਾਇ ॥

(ਸਿਰੀ ਰਾਗ ਮ: ੧, ਪੰਨਾ-੬੨)

੨. ਕਲ ਮੈ ਏਕੁ ਨਾਮੁ ਕਿਰਪਾ ਨਿਧਿ ਜਾਹਿ ਜਪੈ ਗਤਿ ਪਾਵੈ ॥

(ਸੋਰਠਿ ਮ: ੧, ਪੰਨਾ-੬੩੨)

੩. ਨਾਮ ਤੁਲਿ ਕਛੁ ਅਵਰੁ ਨ ਹੋਇ ॥
ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ ॥

(ਸੁਖਮਨੀ ਸਾਹਿਬ, ਅਸ਼ਟਪਦੀ ੨ ਪੰਨਾ-੨੬੫)

ਸਿਮਰਿਆਂ ਸਾਰੇ ਕਸ਼ਟ ਦੂਰ ਹੋ ਜਾਂਦੇ ਹਨ ਅਤੇ ਵਾਹਿਗੁਰੂ ਦਾ ਦਰਸ਼ਨ ਵੀ ਹੋ ਜਾਂਦਾ ਹੈ ਭਾਵ ਉਸ ਵਿੱਚ ਅਭੇਦਤਾ ਹੋ ਜਾਂਦੀ ਹੈ। ਉਪਰੋਕਤ ਪਹਿਲੀਆਂ ਅਤੇ ਅੰਤਲੀਆਂ ਤੁਕਾਂ ਦੇ ਭਾਵ ਅਰਥ ਵਿੱਚ ਸਾਰੀ ਬਾਣੀ ਦਾ ਸਾਰੰਸ਼ ਸਮਾਇਆ ਹੋਇਆ ਹੈ। ਗੁਰੂ ਸਾਹਿਬ ਨੇ ਬਹੁਤ ਪ੍ਰਮਾਣਾਂ ਅਤੇ ਦ੍ਰਿਸ਼ਟਾਂਤਾਂ ਰਾਹੀਂ ਮਨੁੱਖ ਨੂੰ ਸਮਝਾਉਣ ਦਾ ਯਤਨ ਕੀਤਾ ਹੈ। ਸਰਬ ਸਾਂਝੀ ਬਾਣੀ ਵਿਸ਼ਵ ਦੇ ਸਮੂੰਹ ਪ੍ਰਾਣੀ-ਮਾਤਰ ਦੇ ਭਲੇ ਅਤੇ ਕਲਿਆਣ ਲਈ ਰੋਸ਼ਨੀ ਦੇ ਰਹੀ ਹੈ ਅਤੇ ਅਗਵਾਈ ਕਰਦੀ ਰਹੇਗੀ।

❁❁❁

ਧਰਮ ਹੇਤ ਸਾਕਾ ਜਿਨਿ ਕੀਆ ॥
ਸੀਸੁ ਦੀਆ ਪਰ ਸਿਰਰੁ ਨ ਦੀਆ ॥



**ਗੁਰਦੁਆਰਾ ਸੀਸ ਗੰਜ ਸਾਹਿਬ, ਦਿੱਲੀ**

ਜਿਥੇ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਧਰਮ ਦੀ ਰੱਖਿਆ ਖ਼ਾਤਰ ਸ਼ਹੀਦ ਹੋਏ।